ਸੰਪਾਦਕੀ

## ਕਰਜ਼ਦਾਰ ਪੰਜਾਬ, ਲੋਚਦਾ ਉਦਯੋਗ ਸਿਹਤਯਾਬ

ਖੇਤਾਂ ਤੇ ਕਾਰਖਾਨਿਆਂ ਚ, ਜੇ ਨਿਵੇਸ਼, ਰੁਜ਼ਗਾਰ ਅਤੇ ਉਤਪਾਦਨ ਨਾ ਵਧਿਆ ਤਾਂ ਪੰਜਾਬ ਦੀ ਆਰਥਿਕ ਤਸਵੀਰ ਕਿੱਥੇ ਜਾਵੇਗੀ ਇਹ ਸਵਾਲ ਨੇ ਪੰਜਾਬੀ ਦਾ ਖ਼ੂਨ ਸੁਕਾਇਆ ਪਿਆ ਹੈ

ਪੰਜਾਬ ਨੂੰ ਕਦੇ ਦੇਸ਼ ਦਾ ਆਰਥਿਕ ਇੰਜਣ ਕਿਹਾ ਜਾਂਦਾ ਸੀ। ਹਰੀ ਕ੍ਰਾਂਤੀ ਨੇ ਖੇਤੀ ਨੂੰ ਮਜ਼ਬੂਤ ਕੀਤਾ, ਲੁਧਿਆਣਾ ਨੇ ਸਾਈਕਲ ਅਤੇ ਹੌਜ਼ਰੀ ਉਦਯੋਗ ਦਾ ਨਾਮ ਦੁਨੀਆ ਤੱਕ ਪਹੁੰਚਾਇਆ, ਜਲੰਧਰ ਖੇਡਾਂ ਦੇ ਸਮਾਨ ਲਈ ਮਸ਼ਹੂਰ ਹੋਇਆ ਅਤੇ ਮੰਡੀ ਗੋਬਿੰਦਗੜ੍ਹ ਲੋਹੇ-ਸਟੀਲ ਦੀ ਪਛਾਣ ਬਣਿਆ। ਪਰ ਆਖ਼ਿਰ ਪੰਜਾਬ ਆਪਣੀ ਪੁਰਾਣੀ ਆਰਥਿਕ ਤਾਕਤ ਨੂੰ ਨਵੇਂ ਉਦਯੋਗਿਕ ਮਾਡਲ ਵਿੱਚ ਬਦਲ ਕਿਓਂ ਨਹੀਂ ਸਕਿਆ। ਅੰਕੜੇ ਗੰਭੀਰ ਚਿੰਤਾ ਜ਼ਰੂਰ ਪੈਦਾ ਕਰਨ ਵਾਲੇ ਹਨ। 2026-27 ਦੇ ਬਜਟ ਅਨੁਮਾਨਾਂ ਮੁਤਾਬਕ ਪੰਜਾਬ ਦਾ ਕੁੱਲ ਬਕਾਇਆ ਕਰਜ਼ਾ ਲਗਭਗ ?4.48 ਲੱਖ ਕਰੋੜ ਤੱਕ ਪਹੁੰਚਣ ਦਾ ਅਨੁਮਾਨ ਹੈ। ਕਰਜ਼ਾ-ਕੁੱਲ ਰਾਜ ਘਰੇਲੂ ਉਤਪਾਦ ਅਨੁਪਾਤ ਲਗਭਗ 45 ਫੀਸਦੀ ਦੇ ਆਸ-ਪਾਸ ਹੈ। 2026-27 ਲਈ ਰਾਜ ਨੇ 4.08% ਕੁੱਲ ਰਾਜ ਘਰੇਲੂ ਉਤਪਾਦ ਦਾ ਕੁੱਲ ਸਰਕਾਰੀ ਖਰਚਾ ਟੀਚਾ ਰੱਖਿਆ ਹੈ। ਪਰ ਕਰਜ਼ਾ ਆਪਣੇ ਆਪ ਵਿੱਚ ਕੋਈ ਪਾਪ ਨਹੀਂ ਹੁੰਦਾ, ਇੱਥੇ ਮਸਲਾ ਹੈ ਕਰਜ਼ੇ ਦਾ ਪੈਸਾ ਕਿੱਥੇ ਲੱਗ ਰਿਹਾ ਹੈ ? ਜੇ ਕਰਜ਼ਾ ਸੜਕਾਂ, ਉਦਯੋਗਿਕ ਪਾਰਕਾਂ, ਬਿਜਲੀ, ਪਾਣੀ, ਲਾਜਿਸਟਿਕਸ, ਸਕਿਲ ਡਿਵੈਲਪਮੈਂਟ ਅਤੇ ਉਤਪਾਦਕ ਸੰਪਤੀ ਬਣਾਉਣ ਵਿੱਚ ਲੱਗੇ ਤਾਂ ਉਹ ਭਵਿੱਖ ਦੀ ਆਮਦਨ ਪੈਦਾ ਕਰ ਸਕਦਾ ਹੈ। ਪਰ ਜੇ ਵੱਡਾ ਹਿੱਸਾ ਤਨਖਾਹਾਂ, ਘਰ ਦੀਆਂ ਉਸਾਰੀਆਂ, ਸਬਸਿਡੀਆਂ, ਵਿਆਜ ਅਤੇ ਰੋਜ਼ਾਨਾ ਖਰਚਿਆਂ ਦੇ ਦਬਾਅ ਵਿੱਚ ਚਲਾ ਜਾਵੇ ਤਾਂ ਕਰਜ਼ਾ ਵਿਕਾਸ ਦਾ ਸਾਧਨ ਨਹੀਂ, ਭਵਿੱਖ ਦੀ ਆਮਦਨ 'ਤੇ ਬੋਝ ਬਣ ਜਾਂਦਾ ਹੈ। ਪੰਜਾਬ ਦੀ ਉਦਯੋਗਿਕ ਸਮੱਸਿਆ ਸਿਰਫ਼ ਨਵੇਂ ਕਾਰਖਾਨੇ ਨਾ ਲੱਗਣ ਦੀ ਨਹੀਂ ਹੈ ਸਗੋਂ ਛੋਟੇ ਅਤੇ ਦਰਮਿਆਨੇ ਉਦਯੋਗਾਂ ਲਈ ਮਹਿੰਗੀ ਬਿਜਲੀ, ਜ਼ਮੀਨ, ਵਿੱਤੀ ਲਾਗਤ, ਆਧੁਨਿਕ ਤਕਨਾਲੋਜੀ, ਹੁਨਰਮੰਦੀ, ਢੋਆ ਢੁਆਈ ਅਤੇ ਬਾਜ਼ਾਰ ਤੱਕ ਪਹੁੰਚ ਵਰਗੀਆਂ ਚੁਣੌਤੀਆਂ ਵੀ ਹਨ। ਲੁਧਿਆਣਾ ਦਾ ਛੋਟਾ ਮੈਨੂਫੈਕਚਰਿੰਗ ਯੂਨਿਟ, ਜਲੰਧਰ ਦਾ ਖੇਡਾਂ ਦਾ ਸਮਾਨ ਬਣਾਉਣ ਵਾਲਾ ਕਾਰੋਬਾਰ ਜਾਂ ਮੰਡੀ ਗੋਬਿੰਦਗੜ੍ਹ ਦੀ ਇਕਾਈ—ਇਨ੍ਹਾਂ ਲਈ ਬਿਜਲੀ ਦੀ ਇੱਕ-ਇੱਕ ਯੂਨਿਟ, ਬੈਂਕ ਦਾ ਇੱਕ-ਇੱਕ ਰੁਪਇਆ ਅਤੇ ਆਰਡਰ ਦੀ ਇੱਕ-ਇੱਕ ਅਦਾਇਗੀ ਮਹੱਤਵ ਰੱਖਦੀ ਹੈ। ਵੱਡੇ ਨਿਵੇਸ਼ਕ ਨੂੰ ਨੀਤੀ ਦੀ ਸਪੱਸ਼ਟਤਾ ਚਾਹੀਦੀ ਹੈ, ਪਰ ਛੋਟੇ - ਦਰਮਿਆਨੇ ਉਦਯੋਗਪਤੀ ਨੂੰ ਸਭ ਤੋਂ ਪਹਿਲਾਂ ਇਹ ਚਾਹੀਦਾ ਹੈ ਕਿ ਉਸਦਾ ਕੰਮ ਬਿਨਾਂ ਰੁਕਾਵਟ ਚੱਲੇ।

ਪੰਜਾਬ ਦੀ 2025-26 ਆਰਥਿਕ ਤਸਵੀਰ ਵੀ ਇੱਕ ਵੱਡਾ ਸੰਕੇਤ ਦਿੰਦੀ ਹੈ। ਰਾਜ ਦੀ ਅਨੁਮਾਨਿਤ ਵਿਕਾਸ 6.1% ਰਹੀ, ਜਦਕਿ ਭਾਰਤ ਦੀ ਵਿਕਾਸ ਇਸ ਤੋਂ ਕਾਫ਼ੀ ਉੱਪਰ ਰਹੀ। ਉਦਯੋਗ ਦਾ ਕੁੱਲ ਮੁੱਲ ਵਾਧਾ ਵਿੱਚ ਹਿੱਸਾ ਲਗਭਗ 29% ਅਤੇ ਉਤਪਾਦਕਤਾ ਇਸ ਖੇਤਰ ਦਾ ਸਭ ਤੋਂ ਵੱਡਾ ਹਿੱਸਾ ਹੈ। ਇਹ ਕਹਿਣਾ ਵੀ ਠੀਕ ਨਹੀਂ ਕਿ ਪੰਜਾਬ ਵਿੱਚ ਕੋਈ ਨਿਵੇਸ਼ ਨਹੀਂ ਆ ਰਿਹਾ। ਮਾਲੀ ਵਰਸ਼ 9 2026 ਵਿੱਚ ਲਗਭਗ 29,480 ਕਰੋੜ ਦੇ ਨਿਵੇਸ਼ ਦੀ ਰਿਪੋਰਟ ਹੈ, ਜਿਸ ਨਾਲ 67,000 ਤੋਂ ਵੱਧ ਰੁਜ਼ਗਾਰ ਪੈਦਾ ਹੋਣ ਦੀ ਸੰਭਾਵਨਾ ਦੱਸੀ ਗਈ। ਪਰ ਅਸਲ ਵਿੱਚ ਕੀ ਇਹ ਨਿਵੇਸ਼ ਪੰਜਾਬ ਦੀ ਰਵਾਇਤੀ ਉਦਯੋਗਿਕ ਸਮਰੱਥਾ ਨੂੰ ਨਵੀਂ ਉਚਾਈ ਦੇਣ ਲਈ ਨਾ ਕਾਫ਼ੀ। ਭਾਰਤ ਦੀ ਉਦਯੋਗਿਕ ਅਰਥਵਿਵਸਥਾ ਤੇਜ਼ੀ ਨਾਲ ਅੱਗੇ ਵੱਧ ਰਹੀ ਹੈ। 2026 ਦੀ ਪਹਿਲੀ ਤਿਮਾਹੀ ਵਿੱਚ ਦੇਸ਼ ਦੀ ਉਦਯੋਗਿਕ ਵਿਕਾਸ 9.2% ਰਹੀ। ਜੇ ਪੰਜਾਬ ਇਸ ਰਫ਼ਤਾਰ ਨਾਲ ਨਹੀਂ ਚੱਲਦਾ ਤਾਂ ਸਭ ਤੋਂ ਵੱਡਾ ਨੁਕਸਾਨ ਨੌਜਵਾਨਾਂ ਨੂੰ ਹੋਵੇਗਾ। ਫਿਰ ਨੌਜਵਾਨ ਸਥਾਨਕ ਉਦਯੋਗ ਵਿੱਚ ਨੌਕਰੀ ਲੱਭਣ ਦੀ ਬਜਾਏ ਵਿਦੇਸ਼ ਜਾਣ ਨੂੰ ਬਿਹਤਰ ਵਿਕਲਪ ਸਮਝੇਗਾ। ਪਿੰਡਾਂ ਵਿੱਚੋਂ ਜਵਾਨੀ ਬਾਹਰ ਨਿਕਲੇਗੀ, ਪਰਿਵਾਰਾਂ ਦੀ ਬਚਤ ਵਿਦੇਸ਼ੀ ਸਿੱਖਿਆ ਅਤੇ ਪਰਵਾਸ ਵਿੱਚ ਜਾਵੇਗੀ ਅਤੇ ਪੰਜਾਬ ਵਿੱਚ ਲਾਗਤ ਤਾਂ ਰਹੇਗੀ, ਪਰ ਉਤਪਾਦਕ ਆਧਾਰ ਕਮਜ਼ੋਰ ਹੁੰਦਾ ਜਾਵੇਗਾ। ਪੰਜਾਬ ਨੂੰ ਅੱਜ ਸਿਰਫ਼ ਨਿਵੇਸ਼ ਸੰਮੇਲਨ ਦੀ ਨਹੀਂ, ਸਗੋਂ ਉਦਯੋਗਿਕ ਅਮਲ-ਦਰਾਮਦ ਮਿਸ਼ਨ ਦੀ ਲੋੜ ਹੈ। * ਹਰ ਜ਼ਿਲ੍ਹੇ ਦੀ ਆਪਣੀ ਇੱਕ ਮੁੱਖ ਉਦਯੋਗਿਕ ਪਛਾਣ ਵਿਕਸਿਤ ਕੀਤੀ ਜਾਵੇ। * ਸੂਖਮ ਲਘੂ ਅਤੇ ਦਰਮਿਆਨੇ ਉਦਯੋਗਾਂ ਲਈ ਸਸਤਾ ਅਤੇ ਆਸਾਨ ਕਰਜ਼ਾ ਉਪਲਬਧ ਕਰਵਾਇਆ ਜਾਵੇ। * ਉਦਯੋਗਿਕ ਖੇਤਰਾਂ ਵਿੱਚ ਬਿਜਲੀ, ਪਾਣੀ, ਸੜਕਾਂ ਅਤੇ ਨਿਕਾਸੀ ਪ੍ਰਬੰਧ ਦੀ ਪੱਕੀ ਗਾਰੰਟੀ ਹੋਵੇ। * ਸਿੰਗਲ-ਵਿੰਡੋ ਮਨਜ਼ੂਰੀ ਪ੍ਰਣਾਲੀ ਸਿਰਫ਼ ਕਾਗਜ਼ਾਂ ਤੱਕ ਸੀਮਿਤ ਨਾ ਰਹੇ, ਸਗੋਂ ਜ਼ਮੀਨੀ ਪੱਧਰ 'ਤੇ ਵੀ ਨਜ਼ਰ ਆਵੇ। * ਖੇਤੀਬਾੜੀ ਨੂੰ ਫੂਡ ਪ੍ਰੋਸੈਸਿੰਗ, ਡੇਅਰੀ, ਮਸ਼ੀਨਰੀ ਅਤੇ ਐਗਰੋ-ਟੈਕ ਨਾਲ ਜੋੜਿਆ ਜਾਵੇ। * ਆਈ.ਟੀ., ਇਲੈਕਟ੍ਰਾਨਿਕਸ, ਨਵਿਆਉਣਯੋਗ ਊਰਜਾ, ਰੱਖਿਆ ਉਪਕਰਨਾਂ ਦੇ ਪੁਰਜ਼ੇ ਅਤੇ ਆਧੁਨਿਕ ਨਿਰਮਾਣ ਉਦਯੋਗ ਵਿੱਚ ਨਵੀਂ ਪੀੜ੍ਹੀ ਲਈ ਰੋਜ਼ਗਾਰ ਦੇ ਮੌਕੇ ਪੈਦਾ ਕੀਤੇ ਜਾਣ। * ਸਰਕਾਰੀ ਖਰਚੇ ਵਿੱਚ ਰੈਵੇਨਿਊ ਖਰਚ ਤੋਂ ਉਤਪਾਦਕ ਪੂੰਜੀਗਤ ਖਰਚ ਵੱਲ ਸਪਸ਼ਟ ਤਬਦੀਲੀ ਲਿਆਂਦੀ ਜਾਵੇ। ਪੰਜਾਬ ਦੀ ਅਸਲ ਲੜਾਈ ਕਰਜ਼ੇ ਨਾਲ ਨਹੀਂ ਸਗੋਂ ਕਰਜ਼ੇ ਲਈ ਬਣੀ ਦਸ਼ਾ ਨਾਲ ਹੈ। ਜੇ 4.5 ਲੱਖ ਕਰੋੜ ਦੇ ਨੇੜੇ ਪਹੁੰਚਦਾ ਕਰਜ਼ਾ ਭਵਿੱਖ ਵਿੱਚ ਹਜ਼ਾਰਾਂ ਨਵੇਂ ਉਦਯੋਗ, ਲੱਖਾਂ ਨੌਕਰੀਆਂ ਅਤੇ ਵਧਦੀ ਟੈਕਸ ਦਾ ਆਧਾਰ ਬਣਾਉਂਦਾ ਹੈ ਤਾਂ ਉਹ ਨਿਵੇਸ਼ ਬਣ ਸਕਦਾ ਹੈ। ਪਰ ਜੇ ਕਰਜ਼ਾ ਵਧਦਾ ਰਹੇ, ਉਦਯੋਗ ਹੌਲੀ ਚੱਲੇ, ਨੌਜਵਾਨ ਬਾਹਰ ਜਾਂਦੇ ਰਹਿਣ ਅਤੇ ਸਰਕਾਰ ਦੀ ਆਮਦਨ ਉਸੇ ਰਫ਼ਤਾਰ ਨਾਲ ਨਾ ਵਧੇ ਤਾਂ ਫਿਰ ਇਹ ਸਿਰਫ਼ ਆਰਥਿਕ ਸਮੱਸਿਆ ਨਹੀਂ ਰਹੇਗੀ, ਇਹ ਪੰਜਾਬ ਦੇ ਭਵਿੱਖ ਦਾ ਸੰਕਟ ਬਣ ਜਾਵੇਗੀ। ਹੁਣ ਇਹ ਨਹੀਂ ਪੁੱਛਣਾ ਚਾਹੀਦਾ ਕਿ ਸਰਕਾਰ ਕਿੰਨਾ ਖਰਚ ਕਰ ਰਹੀ ਹੈ ? ਸਗੋਂ ਇਹ ਜਾਣਨਾ ਚਾਹੀਦਾ ਹੈ ਨਿਵੇਸ਼ ਕਾਰਨ ਪੰਜਾਬ ਵਿੱਚ ਕਿੰਨਾ ਨਵਾਂ ਉਤਪਾਦਨ, ਕਿੰਨਾ ਨਵਾਂ ਨਿਵੇਸ਼ ਅਤੇ ਕਿੰਨੀਆਂ ਨਵੀਆਂ ਨੌਕਰੀਆਂ ਪੈਦਾ ਹੋ ਰਹੀਆਂ ਹਨ ? -ਛੱਤਰਪਾਲ ਸਿੰਘ







Shaheed-e-Azam Printed, publlished and owned by Harjinder Chaudhary printed at Raftaar Printing Press, Factory Area, Patiala and publlished at Office Shaheed-e-Azam, Dukhniwaran Chowk Patiala.

Editor : Chhatarpal Singh

PRGI (RNI) Regd. No. 42354

ਨੋਟ : ਸੰਪਾਦਕ ਸਿਰਫ਼ ਪੀ ਆਰ ਬੀ ਐਕਟ ਅਧੀਨ ਖ਼ਬਰਾਂ ਲਈ ਜ਼ਿੰਮੇਵਾਰ ਕਿਸੇ ਵੀ ਕਿਸਮ ਦੇ ਝਗੜਿਆਂ ਦਾ ਨਿਪਟਾਰਾ ਸਿਰਫ਼ ਪਟਿਆਲਾ ਅਦਾਲਤ 'ਚ ਹੀ ਹੋਵੇਗਾ।

Shaheed-e-Azam, Daily Punjabi Newspaper, Patiala
Editor-in-Chief : Prabhjit Singh
Editor : Chhatarpal Singh
Contact : 93165-23260, 98146-32807
Email : seanewspatiala@gmail.com
www.shaheedeazamnews.com
For Advertisement : 93165-23260, 98146-32807


# ਧਰਤੀ ਦਾ ਦਰਦ, ਲੋਕਾਂ ਦੀ ਪੀੜ, ਨੀਤੀਘਾੜਿਆਂ ਸਾਮਣੇ ਅਸਲ ਤਸਵੀਰ



ਗੁਰਮੀਤ ਸਿੰਘ ਤੁੰਗ
ਬਿਊਰੋ ਚੀਫ.
9855221193

ਜੋ ਪੰਜਾਬ ਕਦੇ ÷ਦੇਸ਼ ਦਾ ਅੰਨ ਭੰਡਾਰ÷ ਅਖਵਾਉਂਦਾ ਸੀ, ਅੱਜ ਉਹ ਆਪਣੇ ਹੀ ਵਿਕਾਸ ਮਾਡਲ ਦੇ ਬੋਝ ਹੇਠ ਹੌਲੀ-ਹੌਲੀ ਦੱਬਿਆ ਜਾ ਰਿਹਾ ਹੈ। ਖੇਤਾਂ ਹੇਠਲਾ ਪਾਣੀ ਡੂੰਘਾ ਹੁੰਦਾ ਜਾ ਰਿਹਾ ਹੈ, ਜਵਾਨੀ ਨਸ਼ਿਆਂ ਦੀ ਦਲਦਲ ਵਿੱਚ ਧਸਦੀ ਜਾ ਰਹੀ ਹੈ, ਅਤੇ ਪੜ੍ਹੇ-ਲਿਖੇ ਮੁੰਡੇ-ਕੁੜੀਆਂ ਲਈ ਵਿਦੇਸ਼ ਜਾਣਾ ਹੀ ਇੱਕੋ-ਇੱਕ ÷ਸੁਪਨਾ÷ ਬਣ ਚੁੱਕਾ ਹੈ। ਅੱਜ ਦਾ ਇਹ ਲੇਖ ਨਾ ਸਿਰਫ਼ ਸਮੱਸਿਆਵਾਂ ਦੀ ਗੱਲ ਕਰਦਾ ਹੈ, ਸਗੋਂ ਜ਼ਮੀਨੀ ਹਕੀਕਤਾਂ, ਅੰਕੜਿਆਂ ਅਤੇ ਠੋਸ ਨੀਤੀਗਤ ਹੱਲਾਂ ਵੱਲ ਵੀ ਇਸ਼ਾਰਾ ਕਰੇਗਾ।

ਪੰਜਾਬ ਦੀ ਖੇਤੀ, ਖ਼ਾਸ ਕਰਕੇ ਝੋਨੇ-ਕਣਕ ਦੇ ਚੱਕਰ, ਨੇ ਧਰਤੀ ਹੇਠਲੇ ਪਾਣੀ ਨੂੰ ਬੇਰਹਿਮੀ ਨਾਲ ਵਰਤਿਆ ਹੈ। ਖੋਜ ਦੱਸਦੀ ਹੈ ਕਿ ਭਾਰਤ ਦੇ ਸਾਰੇ ਰਾਜਾਂ ਵਿੱਚੋਂ ਪੰਜਾਬ ਦੀ ਫ਼ਸਲੀ ਸੰਘਣਤਾ ਸਭ ਤੋਂ ਵੱਧ ਲਗਭਗ 190% ਹੈ, ਅਤੇ ਇਹੀ ਕਾਰਨ ਹੈ ਕਿ ਧਰਤੀ ਹੇਠਲੇ ਪਾਣੀ ਦੀ ਕਢਾਈ ਵਿੱਚ ਪੰਜਾਬ ਦੇਸ਼ ਭਰ ਵਿੱਚ ਸਭ ਤੋਂ ਅੱਗੇ ਹੈ। ਸਿੰਧ ਬੇਸਿਨ ਦਾ ਜਲ-ਭੰਡਾਰ , ਜਿਸ ਹੇਠਾਂ ਪੰਜਾਬ ਵਸਿਆ ਹੈ, ਦੁਨੀਆ ਦਾ ਦੂਜਾ ਸਭ ਤੋਂ ਵੱਧ ਖ਼ਾਲੀ ਹੋ ਰਿਹਾ ਜਲ-ਭੰਡਾਰ ਹੈ।

ਛੋਟੀ ਵਾਹੀ ਵਾਲੇ ਕਿਸਾਨ ਹੀ ਇਸ ਸੰਕਟ ਦਾ ਸਭ ਤੋਂ ਵੱਧ ਬੋਝ ਚੁੱਕਦੇ ਹਨ . ਡੂੰਘੇ ਬੋਰ ਲਵਾਉਣ ਦਾ ਖ਼ਰਚਾ ਵੱਡੇ ਜ਼ਿਮੀਂਦਾਰਾਂ ਲਈ ਸੌਖਾ ਹੈ, ਪਰ ਗ਼ਰੀਬ ਕਿਸਾਨ ਲਈ ਕਰਜ਼ੇ ਦਾ ਇੱਕ ਹੋਰ ਦੌਰ ਬਣ ਜਾਂਦਾ ਹੈ। ਇਸ ਤਰ੍ਹਾਂ ਪਾਣੀ ਦੀ ਅਸਮਾਨਤਾ ਸਮਾਜਿਕ-ਆਰਥਿਕ ਖਾਈ ਨੂੰ ਹੋਰ ਡੂੰਘਾ ਕਰ ਦਿੰਦੀ ਹੈ।

ਸੂਖਮ-ਸਿੰਚਾਈ ਲਈ ਸਬਸਿਡੀ ਅਤੇ ਸੌਖੀ ਪਹੁੰਚ, ਖ਼ਾਸ ਕਰਕੇ ਛੋਟੇ ਕਿਸਾਨਾਂ ਲਈ।

- ਪਾਣੀ ਬਚਾਉਣ ਵਾਲੇ ਕਿਸਾਨਾਂ ਨੂੰ ਸਿੱਧਾ ਆਰਥਿਕ ਇਨਾਮ.
- ਧਰਤੀ ਹੇਠਲੇ ਪਾਣੀ ਦੀ ਮੁੜ-ਭਰਾਈ ਲਈ ਪਿੰਡ-ਪੱਧਰੀ ਛੱਪੜਾਂ ਤੇ ਨਹਿਰੀ ਢਾਂਚੇ ਦੀ ਮੁਰੰਮਤ।

ਸਰਕਾਰੀ ਖ਼ਰੀਦ ਅਤੇ ਘੱਟੋ-ਘੱਟ ਸਮਰਥਨ ਮੁੱਲ ਦੀ ਗਰੰਟੀ ਸਿਰਫ਼ ਝੋਨੇ-ਕਣਕ ਤੱਕ ਸੀਮਤ ਹੋਣ ਕਾਰਨ ਕਿਸਾਨ ਬਦਲਵੀਆਂ ਫ਼ਸਲਾਂ ਵੱਲ ਜਾਣ ਤੋਂ ਝਕਦੇ ਹਨ। ਮੱਕੀ, ਦਾਲਾਂ, ਕਪਾਹ ਵਰਗੀਆਂ ਫ਼ਸਲਾਂ ਲਈ ਭਰੋਸੇਯੋਗ ਮੰਡੀ ਤੇ ਖ਼ਰੀਦ ਢਾਂਚੇ ਦੀ ਘਾਟ ਕਾਰਨ, ਅਤੇ ਪ੍ਰੋਸੈਸਿੰਗ ਢਾਂਚੇ ਲਗਾਉਣ ਲਈ ਭਾਵੇਂ ਸਰਕਾਰਾਂ ਸਾਲ-ਦਰ-ਸਾਲ ÷ਵਿਭਿੰਨਤਾ÷ ਦਾ ਨਾਅਰਾ ਦਿੰਦੀਆਂ ਰਹੀਆਂ ਹਨ, ਜ਼ਮੀਨੀ ਪੱਧਰ 'ਤੇ ਬਦਲਾਅ ਬਹੁਤ ਹੌਲੀ ਰਿਹਾ ਹੈ।

ਘਟਦੀ ਪੈਦਾਵਾਰ ਤੇ ਵਧਦੀ ਲਾਗਤ ਨਾਲ ਜੂਝ ਰਹੇ ਕਈ ਕਿਸਾਨ ਪਰਿਵਾਰ ਹੁਣ ਆਪਣੇ ਘਰ ਦੇ ਕਿਸੇ ਮੈਂਬਰ ਨੂੰ ਇੱਟ-ਭੱਠਿਆਂ, ਉਸਾਰੀ ਦੇ ਕੰਮ ਜਾਂ ਵਿਦੇਸ਼ ਭੇਜ ਕੇ ਗੁਜ਼ਾਰਾ ਕਰਦੇ ਹਨ . ਇਸ ਨਾਲ ਪਿੰਡਾਂ ਦੀ ਆਰਥਿਕਤਾ ਪਰਵਾਸੀ ਕਮਾਈ 'ਤੇ ਵੱਧ ਨਿਰਭਰ ਅਤੇ ਪਰਿਵਾਰਕ ਬਣਤਰ ਕਮਜ਼ੋਰ ਹੁੰਦੀ ਜਾ ਰਹੀ ਹੈ।

ਛੋਟੇ ਪੱਧਰ ਤੇ ਜਰੂਰੀ ਹੈ ਕਿ:

? ਬਦਲਵੀਆਂ ਫ਼ਸਲਾਂ ਲਈ ਘੱਟੋ-ਘੱਟ ਸਮਰਥਨ ਮੁੱਲ -ਲਿੰਕਡ ਖ਼ਰੀਦ ਪ੍ਰਣਾਲੀ ਦਾ ਪੜਾਅਵਾਰ ਵਿਸਥਾਰ।

-ਫੂਡ-ਪ੍ਰੋਸੈਸਿੰਗ ਉਦਯੋਗ ਨੂੰ ਪਿੰਡ-ਪੱਧਰ 'ਤੇ ਲਿਜਾਣਾ ਤਾਂ ਜੋ ਕਿਸਾਨ ਦੀ ਫ਼ਸਲ ਦਾ ਮੁੱਲ ਵਧੇ।

ਹਰ ਸਾਲ ਸਰਦੀਆਂ ਦੀ ਸ਼ੁਰੂਆਤ ਵਿੱਚ ਪਰਾਲੀ ਸਾੜਨ ਕਾਰਨ ਪੈਦਾ ਹੋਈ ਧੁੰਦ ਪੰਜਾਬ ਦੇ ਸ਼ਹਿਰਾਂ ਤੇ ਪੇਂਡੂ ਲੋਕਾਂ ਦੀ ਸਾਹ ਲੈਣ ਦੀ ਸਮਰੱਥਾ ਖੋਹ ਲੈਂਦੀ ਹੈ। ਥੋੜ੍ਹੇ ਸਮੇਂ ਦੀਆਂ ਪਾਬੰਦੀਆਂ ਤੇ ਜੁਰਮਾਨੇ ਹਰ ਸਾਲ ਲੱਗਦੇ ਹਨ, ਪਰ ਬਦਲਵੇਂ ਹੱਲ ਜਿਵੇਂ ਪਰਾਲੀ ਪ੍ਰਬੰਧਨ ਮਸ਼ੀਨਾਂ ਦੀ ਸਸਤੀ ਪਹੁੰਚ ਜਾਂ ਪਰਾਲੀ ਨੂੰ ਬਾਲਣ/ਖਾਦ ਵਿੱਚ ਬਦਲਣ ਦੀ ਸਨਅਤ ਅਜੇ ਵੀ ਸੀਮਤ ਪੱਧਰ 'ਤੇ ਹੀ ਹਨ। ਸਿੱਟੇ ਵਜੋਂ, ਬੱਚਿਆਂ ਦੀ ਸਕੂਲੋਂ ਗ਼ੈਰ-ਹਾਜ਼ਰੀ ਅਤੇ ਕੰਮਕਾਜੀ ਲੋਕਾਂ ਦੀ ਸਿਹਤ 'ਤੇ ਹਰ ਸਾਲ ਸੱਟ ਵੱਜਦੀ ਹੈ।

ਅੱਜ ਪੰਜਾਬ ਦਾ ਸਭ ਤੋਂ ਸੰਵੇਦਨਸ਼ੀਲ ਅਤੇ ਦਰਦਨਾਕ ਮੁੱਦਾ ਨਸ਼ਾ ਹੈ। ਖੋਜਾਂ ਅਨੁਸਾਰ 2015 ਵਿੱਚ ਹੀ ਪੰਜਾਬ ਵਿੱਚ 2 ਲੱਖ 30 ਹਜ਼ਾਰ ਤੋਂ ਵੱਧ ਲੋਕ ਅਫ਼ੀਮ-ਸ਼੍ਰੇਣੀ ਦੇ ਨਸ਼ਿਆਂ 'ਤੇ ਨਿਰਭਰ ਸਨ, ਅਤੇ 2022 ਦੇ ਇੱਕ ਸਰਵੇਖਣ ਮੁਤਾਬਕ 15.4% ਵਸਨੀਕਾਂ ਨੇ ਨਸ਼ੇ ਦੀ ਵਰਤੋਂ ਮੰਨੀ। 2015 ਤੋਂ 2024 ਦਰਮਿਆਨ ਨਸ਼ੀਲੇ ਪਦਾਰਥ ਅਤੇ ਮਨੋ-ਪ੍ਰਭਾਵੀ ਪਦਾਰਥ ਐਕਟ ਹੇਠ 51,000 ਤੋਂ ਵੱਧ ਮਾਮਲੇ ਦਰਜ ਹੋਏ ਅਤੇ 4,600 ਕਿਲੋ ਤੋਂ ਵੱਧ ਹੈਰੋਇਨ ਜ਼ਬਤ ਕੀਤੀ ਗਈ।

ਹੁਣ ਨਸ਼ਾ ਸਿਰਫ਼ ਪੁਰਾਣੇ ਰਸਤਿਆਂ ਰਾਹੀਂ ਨਹੀਂ, ਸਗੋਂ ਅਨੇਕਾਂ ਹੋਰ ਅਨੇਕਾਂ ਰਾਹਾਂ ਤੋਂ ਸਰਹੱਦੀ ਪਿੰਡਾਂ ਦੇ ਬੇਰੁਜ਼ਗਾਰ ਨੌਜਵਾਨ 20,000-30,000 ਰੁਪਏ ਪ੍ਰਤੀ ਖੇਪ ਦੇ ਲਾਲਚ ਵਿੱਚ ਇਸ ਲੜੀ ਦਾ ਹਿੱਸਾ ਬਣ ਰਹੇ ਹਨ। ਬੇਰੁਜ਼ਗਾਰੀ, ਮਾਨਸਿਕ ਸਿਹਤ ਢਾਂਚੇ ਦੀ ਘਾਟ ਅਤੇ ਸਸਤੀ ਉਪਲਬਧਤਾ ਇਹ ਤਿੰਨੇ ਮਿਲ ਕੇ ਇਸ ਸੰਕਟ ਨੂੰ ਹੋਰ ਗੂੜ੍ਹਾ ਕਰ ਰਹੇ ਹਨ।

-ਪਿੰਡ-ਪੱਧਰੀ ਨਸ਼ਾ ਛੁਡਾਊ ਕੇਂਦਰਾਂ / ਜਾਗਰੂਕਤਾ ਕੈਂਪ ਦੀ ਗਿਣਤੀ ਤੇ ਸਰੋਤ ਵਧਾਉਣੇ, ਨਾਲ ਹੀ ਓਪੀਓਇਡ ਸਬਸਟੀਟਿਊਸ਼ਨ ਥੈਰੇਪੀ ਦੀਆਂ ਪਾਬੰਦੀਆਂ ਸੌਖੀਆਂ ਕਰਨੀਆਂ।

- ਸਕੂਲ-ਪੱਧਰ 'ਤੇ ਰੋਕਥਾਮ ਪ੍ਰੋਗਰਾਮ ਅਤੇ ਨਸ਼ਾ-ਛੱਡਣ ਵਾਲਿਆਂ ਪ੍ਰਤੀ ਸਮਾਜਿਕ ਕਲੰਕ ਘਟਾਉਣਾ।
- ਨਸ਼ੇ ਦੀ ਆਮਦ ਨੂੰ ਆਧੁਨਿਕ ਤਕਨੀਕ ਰਾਹੀਂ ਰੋਕਥਾਮ ਕਰਨ ਨਾਲ ਹੀ ਉਸ ਖੇਤਰ ਦੇ ਨੌਜਵਾਨਾਂ ਲਈ ਰੁਜ਼ਗਾਰ ਦੇ ਬਦਲ।

ਡਿਪਲੋਮਾ ਜਾਂ ਡਿਗਰੀ ਲੈ ਚੁੱਕੇ ਛੋਟੇ ਸ਼ਹਿਰਾਂ ਦੇ ਨੌਜਵਾਨਾਂ ਨੂੰ ਆਪਣੀ ਯੋਗਤਾ ਮੁਤਾਬਕ ਨੌਕਰੀ ਲੱਭਣੀ ਔਖੀ ਹੋ ਰਹੀ ਹੈ। ਸਥਾਨਕ ਸਨਅਤ ਨਾਲ ਜੁੜੀ ਵੋਕੇਸ਼ਨਲ ਸਿਖਲਾਈ ਦੀ ਘਾਟ ਕਾਰਨ ਸਕੂਲ-ਤੋਂ-ਰੁਜ਼ਗਾਰ ਤੱਕ ਦਾ ਸਫ਼ਰ ਟੁੱਟਿਆ-ਟੁੱਟਿਆ ਜਿਹਾ ਹੈ। ਸਿੱਟੇ ਵਜੋਂ, ਵੱਡੇ ਸ਼ਹਿਰਾਂ ਜਾਂ ਵਿਦੇਸ਼ ਵੱਲ ਪ੍ਰਵਾਸ ਹੀ ਸਭ ਤੋਂ ਸੌਖਾ ਰਾਹ ਜਾਪਦਾ ਹੈ . ਜਿਸ ਨਾਲ ਪਿੰਡਾਂ 'ਚੋਂ ਹੁਨਰਮੰਦ ਜਵਾਨੀ ਦਾ ਲਗਾਤਾਰ ਨਿਕਾਸ ਹੋ ਰਿਹਾ ਹੈ।

ਲੋੜ ਹੈ:

- ਸਥਾਨਕ ਸਨਅਤਾਂ (ਖੇਤੀ-ਪ੍ਰੋਸੈਸਿੰਗ, ਟੈਕਸਟਾਈਲ, ਖੇਡਾਂ ਦਾ ਸਾਮਾਨ ਆਦਿ) ਨਾਲ ਸਿੱਧਾ ਜੁੜਿਆ ਹੁਨਰ-ਵਿਕਾਸ।
- ਛੋਟੇ ਸ਼ਹਿਰਾਂ ਵਿੱਚ ਹੀ ਸਟਾਰਟ-ਅੱਪ ਤੇ ਲਘੂ ਉਦਯੋਗਾਂ ਲਈ ਸੌਖਾ ਕਰਜ਼ਾ ਤੇ ਬੁਨਿਆਦੀ ਢਾਂਚਾ।

ਪੰਜਾਬ ਦੇ ਵਧ ਰਹੇ ਸ਼ਹਿਰਾਂ ਵਿੱਚ ਸੜਕਾਂ, ਸੀਵਰੇਜ, ਜਨਤਕ ਆਵਾਜਾਈ ਤੇ ਬਜਟ ਵਿੱਚ ਮਕਾਨਾਂ ਦੀ ਮੰਗ ਤੇਜ਼ੀ ਨਾਲ ਵਧ ਰਹੀ ਹੈ, ਪਰ ਨਗਰ ਨਿਗਮਾਂ ਦੀ ਆਰਥਿਕ ਖ਼ੁਦਮੁਖ਼ਤਿਆਰੀ ਸੀਮਤ ਹੈ। ਲਾਭਪਾਤਰੀ-ਨਿਸ਼ਾਨਾ ਵਿੱਚ ਖ਼ਾਮੀਆਂ ਅਤੇ ਲਾਗੂਕਰਨ ਦੀ ਢਿੱਲ ਕਾਰਨ ਕਈ ਯੋਜਨਾਵਾਂ ਦਾ ਲਾਭ ਹੇਠਲੇ ਪੱਧਰ ਤੱਕ ਪੂਰੀ ਤਰ੍ਹਾਂ ਨਹੀਂ ਪਹੁੰਚਦਾ।

ਲੋੜ ਹੈ:

- ਸਥਾਨਕ ਸਰਕਾਰਾਂ ਨੂੰ ਵੱਧ ਵਿੱਤੀ ਅਧਿਕਾਰ ਅਤੇ ਪਾਰਦਰਸ਼ੀ ਖ਼ਰਚੇ ਦੀ ਨਿਗਰਾਨੀ।
- ਡਿਜੀਟਲ ਟਰੈਕਿੰਗ ਰਾਹੀਂ ਸਕੀਮਾਂ ਦੇ ਲਾਭ ਸਹੀ ਵਿਅਕਤੀ ਤੱਕ ਪਹੁੰਚਾਉਣਾ।

ਪੰਜਾਬ ਦਾ ਜ਼ਮੀਨੀ ਸੰਕਟ ਸਿਰਫ਼ ਪਾਣੀ, ਨਸ਼ਾ ਜਾਂ ਬੇਰੁਜ਼ਗਾਰੀ ਨਹੀਂ .ਇਹ ਇੱਕ ਖੇਤੀ-ਪ੍ਰਧਾਨ, ਸਾਧਨ-ਸੋਖ (ਆਸਾਨੀ) ਮਾਡਲ ਤੋਂ ਵਿਭਿੰਨ ਅਤੇ ਗਿਆਨ-ਆਧਾਰਿਤ ਅਰਥਚਾਰੇ ਵੱਲ ਤਬਦੀਲੀ ਦਾ ਸੰਕਟ ਹੈ।

ਇਸ ਤਬਦੀਲੀ ਲਈ ਨਾ ਸਿਰਫ਼ ਸਰਕਾਰੀ ਨੀਤੀ, ਸਗੋਂ ਪਿੰਡ-ਪਿੰਡ, ਘਰ-ਘਰ ਦੀ ਭਾਗੀਦਾਰੀ ਚਾਹੀਦੀ ਹੈ। ਜਲ-ਸਰੋਤ ਸੁਧਾਰ, ਖੇਤੀ ਵਿਭਿੰਨਤਾ, ਨਿਸ਼ਾਨਾਬੱਧ ਹੁਨਰ ਤੇ ਸਿਹਤ ਨਿਵੇਸ਼, ਮਜ਼ਬੂਤ ਨਗਰ ਸੇਵਾਵਾਂ ਅਤੇ ਬਿਹਤਰ ਲਾਗੂਕਰਨ ਸਮਰੱਥਾ .ਇਹ ਸਾਰੇ ਇਕੱਠੇ ਚੱਲਣਗੇ ਤਾਂ ਹੀ ਪੰਜਾਬ ਮੁੜ ਆਪਣੀ ਖੁਸ਼ਹਾਲੀ ਤੇ ਜਵਾਨੀ ਦੀ ਤਾਕਤ ਨੂੰ ਸਾਂਭ ਸਕੇਗਾ। ਸਮਾਂ ਹੁਣ ਵੀ ਹੱਥੋਂ ਨਹੀਂ ਗਿਆ .ਪਰ ਦੇਰੀ ਦੀ ਹਰ ਘੜੀ ਧਰਤੀ, ਪਾਣੀ ਤੇ ਜਵਾਨੀ, ਤਿੰਨਾਂ ਦਾ ਹੀ ਭਾਰੀ ਮੁੱਲ ਵਸੂਲੇਗੀ।

# ਭਾਸ਼ਾ ਵਿਭਾਗ ਪੰਜਾਬ ਆਯੋਜਿਤ ਕਰੇਗਾ ਰਾਜ ਪੱਧਰੀ ਬਾਬਾ ਫ਼ਰੀਦ ਸਾਹਿਤ ਉਤਸਵ

**ਪਟਿਆਲਾ, 11 ਸਤੰਬਰ**
**-ਬਲਜੀਤ ਸਰਨਾ-**

ਭਾਸ਼ਾ ਵਿਭਾਗ ਪੰਜਾਬ ਵੱਲੋਂ ਰਾਜ ਪੱਧਰੀ ਬਾਬਾ ਫ਼ਰੀਦ ਸਾਹਿਤ ਉਤਸਵ 19 ਤੋਂ 23 ਸਤੰਬਰ ਤੱਕ ਫ਼ਰੀਦਕੋਟ ਵਿਖੇ ਆਯੋਜਿਤ ਕੀਤਾ ਜਾਵੇਗਾ। ਜਿਸ ਦੌਰਾਨ ਸਾਹਿਤਕ ਸਮਾਗਮਾਂ ਦੇ ਸਮਾਂਤਰ ਵਿਸ਼ਾਲ ਪੁਸਤਕ ਮੇਲਾ ਵੀ ਲਗਾਇਆ ਜਾਵੇਗਾ। ਸਾਹਿਤਕ ਸਮਾਗਮਾਂ ਦੌਰਾਨ ਰੂਬਰੂ, ਲੇਖਕ ਮਿਲਣੀਆਂ ਤੇ ਕਵੀ ਦਰਬਾਰ ਕਰਵਾਇਆ ਜਾਵੇਗਾ। ਡਾਇਰੈਕਟਰ ਭਾਸ਼ਾਵਾਂ ਸ. ਜਸਵੰਤ ਸਿੰਘ ਜ਼ਫ਼ਰ ਨੇ ਇਸ ਸਬੰਧੀ ਜਾਣਕਾਰੀ ਦਿੰਦਿਆ ਕਿਹਾ ਕਿ ਭਾਸ਼ਾ ਵਿਭਾਗ ਪੰਜਾਬ ਵੱਲੋਂ ਮਨਾਇਆ ਜਾਣ ਵਾਲਾ ਇਹ ਸਾਹਿਤ ਉਤਸਵ ਹਰ ਸਾਲ ਬਿਹਤਰ ਤੇ ਵਿਸ਼ਾਲ ਹੁੰਦਾ ਜਾ ਰਿਹਾ ਹੈ। ਜਿਸ ਦੀ ਸਾਹਿਤਕਾਰਾਂ, ਪਾਠਕਾਂ ਤੇ ਸਾਹਿਤ ਪ੍ਰੇਮੀਆਂ ਵੱਲੋਂ ਉਡੀਕ ਹੋਣ ਲੱਗੀ ਹੈ।

ਬਾਬਾ ਫ਼ਰੀਦ ਸਾਹਿਤ ਉਤਸਵ ਦਾ ਉਦਘਾਟਨ 19 ਸਤੰਬਰ ਨੂੰ ਸਵੇਰੇ 9:30 ਵਜੇ ਦੇਸ਼ ਭਗਤ ਪੰਡਤ ਚੇਤਨ ਦੇਵ ਸਰਕਾਰੀ ਕਾਲਜ ਆਫ਼ ਐਜੂਕੇਸ਼ਨ, ਫ਼ਰੀਦਕੋਟ ਵਿਖੇ ਵਿਧਾਇਕ ਗੁਰਦਿੱਤ ਸਿੰਘ ਸੇਖੋਂ ਕਰਨਗੇ। ਇਸ ਉਪਰੰਤ ਸਵੇਰ ਦੇ ਸੈਸ਼ਨ 'ਚ 'ਕਥਾ-ਕਾਰਵਾਂ' ਤਹਿਤ ਉੱਘੇ ਕਹਾਣੀਕਾਰ ਬਲਵਿੰਦਰ ਸਿੰਘ ਗਰੇਵਾਲ ਤੇ ਜਤਿੰਦਰ ਹਾਂਸ ਨਾਲ ਗੁਰਮੀਤ ਕੜਿਆਲਵੀ ਸੰਵਾਦ ਰਚਾਉਣਗੇ। ਸ਼ਾਮ ਦੇ ਸੈਸ਼ਨ ਦੌਰਾਨ 'ਯੁਵਾ ਸਾਹਿਤ ਦੇ ਸੰਗ' ਸਿਰਲੇਖ ਤਹਿਤ ਨੌਜਵਾਨ ਕਹਾਣੀਕਾਰ ਆਗ਼ਾਜ਼ਬੀਰ ਤੇ ਕਵੀ ਰਣਧੀਰ ਨਾਲ ਡਾ. ਗੁਰਦੀਪ ਸਿੰਘ ਢਿੱਲੋਂ ਸੰਵਾਦ ਰਚਾਉਣਗੇ। 20 ਸਤੰਬਰ ਨੂੰ ਸਵੇਰ ਦੇ ਸੈਸ਼ਨ ਦੌਰਾਨ 'ਦੇਹ ਕੀ ਸਾਖੀ' ਸਿਰਲੇਖ ਤਹਿਤ ਨਾਵਲਕਾਰ ਡਾ. ਗੁਰਮਿੰਦਰ ਸਿੰਘ ਰੂਪੋਵਾਲੀ ਨਾਲ ਅਵਤਾਰ ਸਿੰਘ ਔਲਖ ਸੰਵਾਦ ਰਚਾਉਣਗੇ। ਸ਼ਾਮ ਦੇ ਸੈਸ਼ਨ ਦੌਰਾਨ ਸਿਨੇਮਾ ਤੇ ਸਮਕਾਲ ਸਿਰਲੇਖ ਤਹਿਤ ਉੱਘੇ ਫਿਲਮਸਾਜ਼ ਜਸ ਗਰੇਵਾਲ ਨਾਲ ਡਾ. ਸੁਖਦਰਸ਼ਨ ਸਿੰਘ ਚਹਿਲ ਸੰਵਾਦ ਰਚਾਉਣਗੇ। 21 ਸਤੰਬਰ ਨੂੰ ਰੰਗਮੰਚ ਦਾ ਸਫ਼ਰ ਸਿਰਲੇਖ ਅਧੀਨ ਨਾਟਕਕਾਰ ਕੇਵਲ ਧਾਲੀਵਾਲ ਨਾਲ ਡਾ. ਜਗਦੀਪ ਸਿੰਘ ਸੰਧੂ ਵਿਚਾਰ ਚਰਚਾ ਕਰਨਗੇ। ਇਸੇ ਦਿਨ ਸ਼ਾਮ ਦੇ ਸੈਸ਼ਨ ਦੌਰਾਨ 'ਤੁਰਦੀਆਂ ਅੱਖਾਂ ਵੇਖਦੇ ਪੈਰ' ਸਿਰਲੇਖ ਤਹਿਤ ਫੋਟੋਕਾਰ ਤੇ ਵਾਰਤਕਕਾਰ ਨਿਰਲੇਪ ਸਿੰਘ ਨਾਲ ਗੁਰਪ੍ਰੀਤ ਸੰਵਾਦ ਰਚਾਉਣਗੇ। 22 ਸਤੰਬਰ ਨੂੰ ਸਵੇਰ ਦੇ ਸੈਸ਼ਨ ਦੌਰਾਨ 'ਬਾਬੇ ਬਿਸ਼ਨੇ ਦੀ ਬੈਠਕ' ਦੌਰਾਨ ਉੱਘੇ ਲੇਖਕ ਨਿੰਦਰ ਘੁਗਿਆਣਵੀ ਬਾਬੂ ਸਿੰਘ ਮਾਨ ਦੀ ਸ਼ਖ਼ਸੀਅਤ ਤੇ ਸਿਰਜਣਾ ਬਾਰੇ ਜਾਣਕਾਰੀ ਦੇਣਗੇ ਤੇ ਕੁਮਾਰ ਜਗਦੇਵ ਸਿੰਘ ਸ. ਮਾਨ ਨਾਲ ਸੰਵਾਦ ਰਚਾਉਣਗੇ। ਇਸ ਸਮਾਗਮ ਦੇ ਸਵੇਰ ਦੇ ਸੈਸ਼ਨ ਸਵੇਰੇ 10:30 ਵਜੇ ਤੇ ਬਾਅਦ ਦੁਪਹਿਰ ਦੇ ਸੈਸ਼ਨ 3:30 ਵਜੇ ਸ਼ੁਰੂ ਹੋਣਗੇ।

ਇਸੇ ਦਿਨ ਸ਼ਾਮ ਦੇ ਸੈਸ਼ਨ ਦੌਰਾਨ 5:30 ਵਜੇ ਸ਼ੇਖ਼ ਫ਼ਰੀਦ ਕਵੀ ਦਰਬਾਰ ਹੋਵੇਗਾ। ਡਿਪਟੀ ਕਮਿਸ਼ਨਰ ਫ਼ਰੀਦਕੋਟ ਸ੍ਰੀ ਰਾਹੁਲ ਚਾਬਾ ਮੁੱਖ ਮਹਿਮਾਨ ਹੋਣਗੇ ਅਤੇ ਸਾਬਕਾ ਲੋਕ ਸਭਾ ਮੈਂਬਰ ਪ੍ਰੋ. ਸਾਧੂ ਸਿੰਘ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕਰਨਗੇ। ਕਵੀ ਦਰਬਾਰ 'ਚ ਵਿਜੇ ਵਿਵੇਕ ਫ਼ਰੀਦਕੋਟ, ਗੁਰਤੇਜ ਕੋਹਾਰਵਾਲਾ ਫ਼ਿਰੋਜ਼ਪੁਰ, ਦਰਸ਼ਨ ਬੁੱਟਰ ਨਾਭਾ, ਸਵਾਮੀ ਅੰਤਰ ਨੀਰਵ ਜੰਮੂ, ਡਾ. ਰਾਜੇਸ਼ ਮੋਹਨ ਫ਼ਰੀਦਕੋਟ, ਭੁਪਿੰਦਰ ਕੌਰ ਪ੍ਰੀਤ ਸ੍ਰੀ ਮੁਕਤਸਰ ਸਾਹਿਬ, ਨੀਤੂ ਬਠਿੰਡਾ, ਦੇਵਿੰਦਰ ਸੈਫ਼ੀ ਫ਼ਰੀਦਕੋਟ, ਤ੍ਰੈਲੋਚਨ ਲੋਚੀ ਲੁਧਿਆਣਾ, ਅਜੀਤਪਾਲ ਜਟਾਣਾ ਮੋਗਾ, ਸਿਮਰਨ ਅਕਸ ਬਰਨਾਲਾ, ਬਲਕਾਰ ਔਲਖ ਸੰਗਰੂਰ ਤੇ ਸੁਨੀਲ ਚੰਦਿਆਣਵੀ ਬਲਾਚੌਰ ਸ਼ਿਰਕਤ ਕਰਨਗੇ।

23 ਸਤੰਬਰ ਨੂੰ ਬਾਅਦ ਦੁਪਹਿਰ 1 ਵਜੇ ਸ਼ੁਰੂ ਹੋਣ ਵਾਲੇ ਸਮਾਪਤੀ ਸਮਾਰੋਹ 'ਲੇਖਕ, ਪਾਠਕ ਤੇ ਪ੍ਰਕਾਸ਼ਕ' ਸਿਰਲੇਖ ਅਧੀਨ ਸਮੀਖਿਆਕਾਰਾਂ ਵਜੋਂ ਮਨਜੀਤ ਪੁਰੀ ਜ਼ਿਲ੍ਹਾ ਭਾਸ਼ਾ ਅਫ਼ਸਰ ਫ਼ਰੀਦਕੋਟ, ਡਾ. ਰਾਜੇਸ਼ ਮੋਹਨ ਪ੍ਰਿੰਸੀਪਲ ਦੇਸ਼ ਭਗਤ ਚੇਤਨ ਦੇਵ ਸਰਕਾਰੀ ਕਾਲਜ ਆਫ਼ ਐਜੂਕੇਸ਼ਨ, ਕਮਲਜੀਤ ਸਿੰਘ ਸਿੱਧੂ ਖੋਜ ਅਫ਼ਸਰ ਤੇ ਗੁਰਅੰਮ੍ਰਿਤਪਾਲ ਸਿੰਘ ਬਰਾੜ ਜਨਰਲ ਸਕੱਤਰ, ਆਲਮੀ ਪੰਜਾਬੀ ਅਦਬ ਫਾਊਂਡੇਸ਼ਨ (ਰਜਿ.) ਫ਼ਰੀਦਕੋਟ ਸ਼ਿਰਕਤ ਕਰਨਗੇ। ਇਸ ਸਮਾਗਮ ਦੇ ਸੂਤਰਧਾਰ ਪ੍ਰੋ. ਰਣਜੀਤ ਸਿੰਘ ਬਾਜਵਾ ਹੋਣਗੇ।

ਭਾਸ਼ਾ ਵਿਭਾਗ ਪੰਜਾਬ ਵੱਲੋਂ ਇਹ ਸਮਾਗਮ ਜ਼ਿਲ੍ਹਾ ਪ੍ਰਸ਼ਾਸ਼ਨ ਫ਼ਰੀਦਕੋਟ, ਆਲਮੀ ਪੰਜਾਬੀ ਅਦਬ ਫਾਊਂਡੇਸ਼ਨ (ਰਜਿ.), ਦੇਸ਼ ਭਗਤ ਚੇਤਨ ਦੇਵਸਰਕਾਰੀ ਕਾਲਜ਼ ਆਫ਼ ਐਜੂਕੇਸ਼ਨ, ਫ਼ਰੀਦਕੋਟ, ਮਹਾਤਮਾ ਗਾਂਧੀ ਮੈਮੋਰੀਅਲ ਸੀਨੀਅਰ ਸੈਕੰਡਰੀ ਸਕੂਲ ਫ਼ਰੀਦਕੋਟ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ।

## ਵਰਕਸ਼ਾਪ ਦੀ ਜਨਰਲ ਸਕੱਤਰ ਡਾ. ਪ੍ਰੀਤੀ ਸ਼ਾਰਦਾ ਨੇ ਧੰਨਵਾਦ ਪ੍ਰਸਤਾਵ ਪ੍ਰਸਤੁਤ ਕੀਤਾ

## ਵਧੀਕ ਜ਼ਿਲ੍ਹਾ ਮੈਜਿਸਟਰੇਟ ਵੱਲੋਂ ਪ੍ਰੀਖਿਆ ਕੇਂਦਰਾਂ ਸਬੰਧੀ ਨਿਰਦੇਸ਼ ਜਾਰੀ

**ਪਟਿਆਲਾ, 11 ਸਤੰਬਰ**
**-ਛਤਰਪਾਲ ਸਿੰਘ-**



ਵਧੀਕ ਜ਼ਿਲ੍ਹਾ ਮੈਜਿਸਟਰੇਟ ਅਨੁਪ੍ਰਿਤਾ ਜੌਹਲ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਸਤੰਬਰ 2026 ਦੀਆਂ ਪ੍ਰੀਖਿਆਵਾਂ ਮਿਤੀ 01 ਸਤੰਬਰ 2026 ਤੋਂ 22 ਸਤੰਬਰ 2026 ਤੱਕ ਬੋਰਡ ਵੱਲੋਂ ਸਥਾਪਿਤ ਕੀਤੇ ਪ੍ਰੀਖਿਆ ਕੇਂਦਰਾਂ ਦੇ ਆਲੇ ਦੁਆਲੇ ਦਫ਼ਾ 163 ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ ਲਗਾਈ ਹੈ।

ਹੁਕਮਾਂ ਵਿੱਚ ਕਿਹਾ ਗਿਆ ਹੈ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਦਸਵੀਂ ਅਤੇ ਬਾਰ੍ਹਵੀਂ ਸ਼੍ਰੇਣੀ ਸਤੰਬਰ 2026 ਦੀਆਂ ਪ੍ਰੀਖਿਆਵਾਂ ਮਿਤੀ 01 ਸਤੰਬਰ 2026 ਤੋਂ 22 ਸਤੰਬਰ 2026 ਤੱਕ ਬੋਰਡ ਵੱਲੋਂ ਸਥਾਪਿਤ ਕੀਤੇ ਪ੍ਰੀਖਿਆ ਕੇਂਦਰਾਂ ਵਿੱਚ ਕਰਵਾਈਆਂ ਜਾ ਰਹੀਆਂ ਹਨ। ਇਨ੍ਹਾਂ ਪ੍ਰੀਖਿਆਵਾਂ ਨੂੰ ਸੁਚਾਰੂ ਢੰਗ ਨਾਲ ਕਰਵਾਉਣ ਹਿਤ ਪ੍ਰੀਖਿਆ ਕੇਂਦਰਾਂ ਦੇ ਆਲੇ ਦੁਆਲੇ ਦਫ਼ਾ 163 ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ ਲਗਾਈ ਜਾਂਦੀ ਹੈ, ਜਿਸ ਤਹਿਤ ਪ੍ਰੀਖਿਆ ਕੇਂਦਰਾਂ ਦੇ ਆਲੇ ਦੁਆਲੇ ਪੰਜ ਜਾਂ ਪੰਜ ਤੋਂ ਵੱਧ ਵਿਅਕਤੀਆਂ ਦੇ ਇਕੱਤਰ ਹੋਣ 'ਤੇ ਪਾਬੰਦੀ ਲਗਾਈ ਜਾਂਦੀ ਹੈ। ਇਹ ਹੁਕਮ 7 ਸਤੰਬਰ 2026 ਤੋਂ 22 ਸਤੰਬਰ 2026 ਤਕ ਲਾਗੂ ਰਹਿਣਗੇ।

ਵਧੀਕ ਜ਼ਿਲ੍ਹਾ ਮੈਜਿਸਟਰੇਟ ਨੇ ਕਿਹਾ ਕਿ ਜੇਕਰ ਜ਼ਿਲ੍ਹੇ ਅੰਦਰ ਕੋਈ ਵੀ ਆਮ ਅਤੇ ਖਾਸ ਇਨ੍ਹਾਂ ਹੁਕਮਾਂ ਦੀ ਉਲੰਘਣਾ ਕਰਦਾ ਪਾਇਆ ਜਾਂਦਾ ਹੈ ਤਾਂ ਉਸਦੇ ਵਿਰੁੱਧ ਬਣਦੀ ਕਾਨੂੰਨੀ ਕਾਰਵਾਈ ਤੁਰੰਤ ਅਮਲ ਵਿੱਚ ਲਿਆਂਦੀ ਜਾਵੇਗੀ।

## ਖੇਡਾਂ ਵਤਨ ਪੰਜਾਬ ਦੀਆਂ ਨੌਜਵਾਨਾਂ ਨੂੰ ਖੇਡਾਂ ਨਾਲ ਜੋੜ ਕੇ ਰੰਗਲੇ ਪੰਜਾਬ ਦੀ ਸਿਰਜਣਾ ਕਰ ਰਹੀਆਂ ਹਨ : ਵਿਧਾਇਕ ਰੁਪਿੰਦਰ ਸਿੰਘ ਹੈਪੀ



**ਫ਼ਤਹਿਗੜ੍ਹ ਸਾਹਿਬ, 4 ਸਤੰਬਰ**
**-ਜੀ. ਐਸ. ਤੁੰਗ-**
**-ਸ਼ਹੀਦ-ਏ-ਆਜ਼ਮ-ਬਿਊਰੋ-**

ਮੁੱਖ ਮੰਤਰੀ ਪੰਜਾਬ, ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀਆਂ ਖੇਡਾਂ ਵਤਨ ਪੰਜਾਬ ਦੀਆਂ-2026 ਸੂਬੇ ਨੂੰ ਰੰਗਲਾ ਪੰਜਾਬ ਬਣਾਉਣ ਵਿੱਚ ਅਹਿਮ ਰੋਲ ਨਿਭਾਅ ਰਹੀਆਂ ਹਨ। ਇਹਨਾਂ ਖੇਡਾਂ ਸਦਕਾ ਵੱਡੀ ਗਿਣਤੀ ਨੌਜਵਾਨ ਖੇਡਾਂ ਨਾਲ ਜੁੜ ਰਹੇ ਹਨ, ਜਿਸ ਨਾਲ ਸੂਬੇ ਦਾ ਭਵਿੱਖ ਰੌਸ਼ਨ ਹੋਵੇਗਾ। ਇਹ ਪ੍ਰਗਟਾਵਾ ਹਲਕਾ ਬਸੀ ਪਠਾਣਾ ਤੋਂ ਵਿਧਾਇਕ ਸ੍ਰੀ ਰੁਪਿੰਦਰ ਸਿੰਘ ਹੈਪੀ ਨੇ ਖੇਡਾਂ ਵਤਨ ਪੰਜਾਬ ਦੀਆਂ ਸੀਜ਼ਨ-4 ਤਹਿਤ ਬਲਾਕ ਬਸੀ ਪਠਾਣਾ ਦੀਆਂ ਖੇਡਾਂ ਜੋ ਕਿ ਪੁਲਿਸ ਲਾਈਨ ਸਟੇਡੀਅਮ ਮਹੱਦੀਆਂ ਅਤੇ ਪਿੰਡ ਰੈਲੀ ਦੇ ਖੇਡ ਮੈਦਾਨਾਂ ਵਿਖੇ ਕਰਵਾਈਆਂ ਜਾ ਰਹੀਆਂ ਹਨ, ਦੌਰਾਨ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਦਿਆਂ ਕੀਤਾ। ਵਿਧਾਇਕ ਹੈਪੀ ਨੇ ਕਿਹਾ ਕਿ ਖੇਡਾਂ ਵਤਨ ਪੰਜਾਬ ਦੀਆਂ ਹਰ ਉਮਰ ਵਰਗ ਦੇ ਖਿਡਾਰੀਆਂ ਨੂੰ ਆਪਣੀ ਪ੍ਰਤਿਭਾ ਅਤੇ ਯੋਗਤਾਵਾਂ ਦਾ ਪ੍ਰਦਰਸ਼ਨ ਕਰਨ ਲਈ ਸ਼ਾਨਦਾਰ ਮੰਚ ਪ੍ਰਦਾਨ ਕਰ ਰਹੀਆਂ ਹਨ। ਉਨ੍ਹਾਂ ਇਲਾਕੇ ਦੇ ਖਿਡਾਰੀਆਂ, ਨੌਜਵਾਨਾਂ ਅਤੇ ਖੇਡ ਪ੍ਰੇਮੀਆਂ ਨੂੰ ਇਨ੍ਹਾਂ ਮੁਕਾਬਲਿਆਂ ਵਿੱਚ ਵੱਧ-ਚੜ੍ਹ ਕੇ ਸ਼ਮੂਲੀਅਤ ਕਰਨ ਦਾ ਸੱਦਾ ਦਿੱਤਾ।

ਜ਼ਿਲ੍ਹਾ ਖੇਡ ਅਫਸਰ ਸ੍ਰੀ ਹਰਪਿੰਦਰ ਸਿੰਘ ਨੇ ਖੇਡਾਂ ਬਾਰੇ ਹੋਰ ਜਾਣਕਾਰੀ ਦਿੰਦਿਆਂ ਦੱਸਿਆ ਕਿ ਬਲਾਕ ਬੱਸੀ ਪਠਾਣਾਂ ਦੇ ਐਥਲੈਟਿਕਸ, ਖੋਹ-ਖੋਹ ਅਤੇ ਫੁੱਟਬਾਲ ਦੇ ਮੁਕਾਬਲੇ ਪੁਲਿਸ ਲਾਈਨ, ਮਹੱਦੀਆਂ ਅਤੇ ਵਾਲੀਬਾਲ, ਕਬੱਡੀ ਦੇ ਮੁਕਾਬਲੇ ਪਿੰਡ ਰੈਲੀ ਵਿਖੇ ਕਰਵਾਏ ਜਾ ਰਹੇ। ਇਸੇ ਤਰ੍ਹਾਂ ਸੰਤ ਬਾਬਾ ਪਰਮਜੀਤ ਸਿੰਘ ਜੀ ਹੰਸਾਲੀ ਵਾਲਿਆਂ ਦੇ ਆਸ਼ੀਰਵਾਦ ਸਦਕਾ ਬਲਾਕ ਖੇੜਾ ਦੇ ਐਥਲੈਟਿਕਸ, ਖੋਹ-ਖੋਹ ਅਤੇ ਕਬੱਡੀ ਦੇ ਮੁਕਾਬਲੇ ਸਪੋਰਟਸ ਸਟੇਡੀਅਮ ਹੰਸਾਲੀ ਵਿਖੇ ਅਤੇ ਫੁੱਟਬਾਲ ਅਤੇ ਵਾਲੀਬਾਲ ਦੇ ਮੁਕਾਬਲੇ ਪਿੰਡ ਸੈਂਪਲੀ ਵਿਖੇ ਸ਼ੁਰੂ ਹੋ ਗਏ ਹਨ। ਜ਼ਿਲ੍ਹਾ ਖੇਡ ਅਫਸਰ ਨੇ ਹੋਰ ਦੱਸਿਆ ਕਿ ਇਨ੍ਹਾਂ ਖੇਡ ਮੁਕਾਬਲਿਆਂ ਵਿੱਚ ਪਹਿਲੀ ਵਾਰ ਡੈਮੋ ਖੇਡ ਵਜੋਂ ਟੈਨਿਸ ਬਾਲ,ਕ੍ਰਿਕਟ ਨੂੰ ਵੀ ਸ਼ਾਮਲ ਕੀਤਾ ਗਿਆ ਹੈ।ਜਿਸ ਤਹਿਤ ਬਲਾਕ ਸਰਹਿੰਦ ਦੇ ਮੁਕਾਬਲੇ ਖੇਡ ਸਟੇਡੀਅਮ, ਮਾਧੋਪੁਰ (ਸਰਹਿੰਦ) ਅਤੇ ਬਲਾਕ ਅਮਲੋਹ ਦੇ ਮੁਕਾਬਲੇ ਸਕੂਲ ਆਫ ਐਮੀਨੈਂਸ, ਅਮਲੋਹ ਵਿਖੇ ਕਰਵਾਏ ਜਾ ਰਹੇ ਹਨ।

ਇਸ ਮੌਕੇ ਗੁਰਜੀਤ ਸਿੰਘ ਸਰਪੰਚ ,ਜਗਦੀਪ ਸਿੰਘ ਪੰਚ,ਦਵਿੰਦਰ ਸਿੰਘ ਪੰਚ ,ਮਨਪ੍ਰੀਤ ਸਿੰਘ ਸੋਮਲ ,ਹਰਪਾਲ ਸਿੰਘ ਭਟੇੜੀ ਸਰਪੰਚ ,ਸਤੀਸ਼ ਕੋਸ਼ਲ ਭਟੇੜੀ,ਕਸ਼ਮੀਰ ਸਿੰਘ ਰਸੂਲਪੁਰ,ਬਲਜਿੰਦਰ ਸਿੰਘ ਸਰਪੰਚ ਰਸੂਲਪੁਰ, ਵਿਕਰਮਜੀਤ ਸਿੰਘ ਸਰਪੰਚ ਸਾਹਿਬ ,ਅਵਤਾਰ ਸਿੰਘ ਸੇਪਲਾ, ਜਸਵਿੰਦਰ ਸਿੰਘ ਪਿੰਕਾ, ਰਾਹੁਲਦੀਪ ਸਿੰਘ, ਲਖਵੀਰ ਸਿੰਘ, ਮਨੀਸ਼ ਕੁਮਾਰ, ਸੁਖਦੀਪ ਸਿੰਘ, ਮਨੋਜ ਕੁਮਾਰ,ਮਨਜੀਤ ਸਿੰਘ, ਯਾਦਵਿੰਦਰ ਸਿੰਘ, ਤੁਲਸੀ ਰਾਮ, ਦੀਪਕ, ਗੁਰਮੀਤ ਸਿੰਘ, ਪਵਨਦੀਪ ਸਿੰਘ, ਖੁਸ਼ਪ੍ਰੀਤ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਖੇਡ ਪ੍ਰੇਮੀ ਹਾਜਰ ਸਨ।

## ਵਿਧਾਇਕ ਗੈਰੀ ਬੜਿੰਗ ਨੇ ਖੰਨਾ ਰੋਡ ਅਮਲੋਹ ਅਤੇ ਜੀ.ਟੀ ਰੋਡ ਅੰਬੇਮਾਜਰਾ ਵਿਖੇ ਚਲਾਏ ਸਫਾਈ ਅਭਿਆਨ ਦੀ ਕੀਤੀ ਅਗਵਾਈ



**ਅਮਲੋਹ/ਮੰਡੀ ਗੋਬਿੰਦਗੜ੍ਹ,11 ਸਤੰਬਰ (ਛਤਰਪਾਲ ਸਿੰਘ)** : 'ਮਿਸ਼ਨ ਕਲੀਨ ਪੰਜਾਬ' ਮੁਹਿੰਮ ਦੇ 14ਵੇਂ ਦਿਨ ਹਲਕਾ ਅਮਲੋਹ ਤੋਂ ਵਿਧਾਇਕ ਗੁਰਿੰਦਰ ਸਿੰਘ ਗੈਰੀ ਬੜਿੰਗ ਨੇ ਖੰਨਾ ਰੋਡ ਅਮਲੋਹ ਅਤੇ ਜੀ.ਟੀ ਰੋਡ ਅੰਬੇਮਾਜਰਾ ਵਿਖੇ ਸਫ਼ਾਈ ਕਾਰਜ਼ਾਂ ਦਾ ਜਾਇਜ਼ਾ ਲਿਆ ਅਤੇ ਖੁਦ ਵੀ ਸਫ਼ਾਈ ਮੁਹਿੰਮ ਦੀ ਅਗਵਾਈ ਕਰਦਿਆਂ ਲੋਕਾਂ ਨੂੰ ਆਪਣੇ ਆਲੇ-ਦੁਆਲੇ ਦੀ ਸਫ਼ਾਈ ਰੱਖਣ ਲਈ ਪ੍ਰੇਰਿਤ ਕੀਤਾ। ਵਿਧਾਇਕ ਗੁਰਿੰਦਰ ਸਿੰਘ ਗੈਰੀ ਨੇ ਕਿਹਾ ਕਿ ਇਸ ਮੁਹਿੰਮ ਦਾ ਉਦੇਸ਼ ਸਿਰਫ਼ ਸੜਕਾਂ ਅਤੇ ਜਨਤਕ ਥਾਵਾਂ ਤੋਂ ਕੂੜਾ ਹਟਾਉਣਾ ਹੀ ਨਹੀਂ, ਸਗੋਂ ਸ਼ਹਿਰ ਵਿੱਚ ਸਥਾਈ ਤੌਰ 'ਤੇ ਬਿਹਤਰ ਸਫਾਈ ਪ੍ਰਬੰਧ ਯਕੀਨੀ ਬਣਾਉਣਾ ਵੀ ਹੈ। ਉਨ੍ਹਾਂ ਕਿਹਾ ਕਿ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿੱਚ ਇਕੱਠੇ ਹੋਏ ਕੂੜੇ ਦੇ ਢੇਰਾਂ ਨੂੰ ਪਹਿਲ ਦੇ ਆਧਾਰ 'ਤੇ ਚੁੱਕਿਆ ਜਾ ਰਿਹਾ ਹੈ ਤਾਂ ਜੋ ਆਮ ਲੋਕਾਂ ਨੂੰ ਕਿਸੇ ਕਿਸਮ ਦੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ।

ਵਿਧਾਇਕ ਗੈਰੀ ਬੜਿੰਗ ਨੇ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਘਰਾਂ ਅਤੇ ਦੁਕਾਨਾਂ ਦਾ ਕੂੜਾ ਇੱਧਰ-ਉੱਧਰ ਸੁੱਟਣ ਦੀ ਬਜਾਏ ਨਿਰਧਾਰਤ ਥਾਵਾਂ 'ਤੇ ਹੀ ਪਾਉਣ ਅਤੇ ਸਫਾਈ ਕਰਮਚਾਰੀਆਂ ਨੂੰ ਸਹਿਯੋਗ ਦੇਣ। ਇਸ ਮੌਕੇ ਪ੍ਰਧਾਨ ਨਗਰ ਕੌਂਸਲ ਮੰਡੀ ਗੋਬਿੰਦਗੜ੍ਹ ਹਰਪ੍ਰੀਤ ਸਿੰਘ ਪ੍ਰਿੰਸ, ਵਿਨੀਤ ਕੁਮਾਰ ਬਿੱਟੂ ਉਪ ਪ੍ਰਧਾਨ, ਨਗਰ ਕੌਂਸਲ ਅਮਲੋਹ ਦੇ ਮੀਤ ਪ੍ਰਧਾਨ ਸ੍ਰੀ ਅਤੁਲ ਲੁਟਾਵਾ, ਸ ਦਰਸ਼ਨ ਸਿੰਘ ਚੀਮਾ ਚੇਆਰਮੇਨ ਮਾਰਕੀਟ ਕਮੇਟੀ,ਕੌਂਸਲਰ ਹਰਚੰਦ ਸਿੰਘ ਨਸਰਾਲੀ, ਰਾਜੇਸ ਕੁਮਾਰ ਰਾਜੂ, ਬਲਕਾਰ ਸਿੰਘ,ਜਾਨਵੀ ਸ਼ਰਮਾ ਸਰਦਾਰ ਜਗਤਾਰ ਸਿੰਘ ਅਤੇ ਹੋਰ ਸ਼ਹਿਰ ਦੇ ਪਤਵੰਤੇ ਸੱਜਣ ਸ਼ਾਮਲ ਸਨ।

## ਮਿਸ਼ਨ ਕਲੀਨ ਪੰਜਾਬ ਤਹਿਤ ਸੜਕਾਂ ਅਤੇ ਜਨਤਕ ਥਾਵਾਂ ਤੋਂ ਕੂੜਾ ਹਟਾ ਕੇ ਦਿੱਤਾ ਸਵੱਛਤਾ ਦਾ ਸੰਦੇਸ਼



**ਬਸੀ ਪਠਾਣਾ/ਫਤਹਿਗੜ੍ਹ ਸਾਹਿਬ, 11 ਸਤੰਬਰ, (ਛਤਰਪਾਲ ਸਿੰਘ)** : ਪੰਜਾਬ ਸਰਕਾਰ ਵੱਲੋਂ ਚਲਾਏ ਜਾ ਰਹੇ ਮਿਸ਼ਨ ਕਲੀਨ ਪੰਜਾਬ ਦੇ 14ਵੇਂ ਦਿਨ ਨਗਰ ਕੌਂਸਲ ਬਸੀ ਪਠਾਣਾ ਵੱਲੋਂ ਰੇਲਵੇ ਰੋਡ ਅਤੇ ਨਗਰ ਕੌਂਸਲ ਸਰਹਿੰਦ ਵੱਲੋਂ ਵਾਰਡ ਨੰ 02 ਅਤੇ 04 ਵਿੱਚ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਵਿੱਚ ਵਿਸ਼ੇਸ਼ ਸਫਾਈ ਮੁਹਿੰਮ ਚਲਾਈ ਗਈ। ਸਫਾਈ ਦੌਰਾਨ ਸੜਕਾਂ ਦੇ ਕਿਨਾਰਿਆਂ 'ਤੇ ਪਏ ਕੂੜੇ-ਕਰਕਟ ਅਤੇ ਹੋਰ ਗੰਦਗੀ ਨੂੰ ਹਟਾ ਕੇ ਇਲਾਕੇ ਨੂੰ ਸਾਫ਼-ਸੁਥਰਾ ਬਣਾਇਆ ਗਿਆ। ਇਸ ਮੌਕੇ ਨਗਰ ਕੌਂਸਲ ਵੱਲੋਂ ਇਲਾਕਾ ਨਿਵਾਸੀਆਂ ਨੂੰ ਆਪਣੇ ਘਰਾਂ ਅਤੇ ਆਲੇ-ਦੁਆਲੇ ਦੇ ਖੇਤਰਾਂ ਵਿੱਚ ਸਫਾਈ ਬਣਾਈ ਰੱਖਣ ਅਤੇ ਗਿੱਲੇ ਤੇ ਸੁੱਕੇ ਕੂੜੇ ਨੂੰ ਵੱਖ-ਵੱਖ ਕਰਨ ਲਈ ਅਲੱਗ-ਅਲੱਗ ਡਸਟਬਿਨਾਂ ਦੀ ਵਰਤੋਂ ਕਰਨ ਸਬੰਧੀ ਵੀ ਜਾਗਰੂਕ ਕੀਤਾ ਗਿਆ। ਉਨ੍ਹਾਂ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਗਈ ਕਿ ਉਹ ਕੂੜਾ ਸੜਕਾਂ, ਖਾਲੀ ਥਾਵਾਂ ਜਾਂ ਜਨਤਕ ਸਥਾਨਾਂ 'ਤੇ ਨਾ ਸੁੱਟਣ ਅਤੇ ਨਗਰ ਕੌਂਸਲ ਦੇ ਸਫਾਈ ਕਰਮਚਾਰੀਆਂ ਨੂੰ ਸਹਿਯੋਗ ਦੇਣ। ਇਸ ਮੌਕੇ ਨਗਰ ਕੌਂਸਲ ਦੇ ਅਧਿਕਾਰੀਆਂ ਵੱਲੋਂ ਕਿਹਾ ਗਿਆ ਕਿ ਸ਼ਹਿਰ ਨੂੰ ਸਾਫ਼-ਸੁਥਰਾ ਅਤੇ ਸੁੰਦਰ ਬਣਾਉਣ ਲਈ ਸਫਾਈ ਮੁਹਿੰਮ ਨੂੰ ਲਗਾਤਾਰ ਜਾਰੀ ਰੱਖਿਆ ਜਾਵੇਗਾ ਅਤੇ ਲੋਕਾਂ ਨੂੰ ਸਵੱਛਤਾ ਪ੍ਰਤੀ ਹੋਰ ਜਾਗਰੂਕ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸਾਫ਼-ਸੁਥਰਾ ਸ਼ਹਿਰ ਬਣਾਉਣ ਲਈ ਸਰਕਾਰੀ ਯਤਨਾਂ ਦੇ ਨਾਲ-ਨਾਲ ਲੋਕਾਂ ਦੀ ਸਰਗਰਮ ਭਾਗੀਦਾਰੀ ਵੀ ਬੇਹੱਦ ਜ਼ਰੂਰੀ ਹੈ। ਨਗਰ ਕੌਂਸਲ ਦੇ ਅਧਿਕਾਰੀਆਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਸਫ਼ਾਈ ਨੂੰ ਆਪਣੇ ਰੋਜ਼ਾਨਾ ਜੀਵਨ ਦਾ ਹਿੱਸਾ ਬਣਾਉਣ ਅਤੇ ਸ਼ਹਿਰ ਨੂੰ ਸਾਫ਼, ਸੁੰਦਰ ਤੇ ਸਵੱਛ ਬਣਾਉਣ ਵਿੱਚ ਆਪਣਾ ਯੋਗਦਾਨ ਪਾਉਣ। ਇਸ ਮੌਕੇ ਪਰਵੀਨ ਕੁਮਾਰੀ, ਅਮਰਦੀਪ ਸਿੰਘ, ਰਾਮਪਾਲ ਸਿੰਘ, ਸਮੇਤ ਹੋਰ ਅਧਿਕਾਰੀ ਤੇ ਕਰਮਚਾਰੀ ਹਾਜਰ ਸਨ।






# ਹਰਿਆਣਾ ਖ਼ਬਰਨਾਮਾ



## ਦਿੱਲੀ-ਐਨ.ਸੀ.ਆਰ. ਵਿੱਚ ਹਵਾ ਦੀ ਗੁਣਵੱਤਾ ਵਿੱਚ ਸੁਧਾਰ ਨੂੰ ਲੈ ਕੇ ਹਰਿਆਣਾ ਸਰਕਾਰ ਦੇ ਠੋਸ ਯਤਨ

### ਮੁੱਖ ਸਕੱਤਰ ਨੇ ਯਮੁਨਾ ਐਕਸ਼ਨ ਪਲਾਨ ਅਤੇ ਦਿੱਲੀ-ਐਨ.ਸੀ.ਆਰ. ਨਾਲ ਜੁੜੇ ਕਾਰਜ-ਯੋਜਨਾਵਾਂ ਦੀ ਸਮੀਖਿਆ ਕੀਤੀ

**ਚੰਡੀਗੜ੍ਹ, 11 ਸਤੰਬਰ**
**-ਸੰਜੀਵ ਸਿੰਗਲਾ-**



ਹਰਿਆਣਾ ਵਿੱਚ ਜਲ ਅਤੇ ਹਵਾ ਪ੍ਰਦੂਸ਼ਣ ਉੱਤੇ ਰੋਕ ਲਗਾਉਣ ਲਈ ਸੀਵਰੇਜ ਅਤੇ ਉਦਯੋਗਿਕ ਗੰਦੇ ਪਾਣੀ ਦੇ ਉਪਚਾਰ, ਪਿੰਡਾਂ ਵਿੱਚ ਵੇਸਟ ਜਲ ਪ੍ਰਬੰਧਨ, ਬਾਇਓਗੈਸ, ਪਰਾਲੀ ਪ੍ਰਬੰਧਨ, ਵਾਹਨਾਂ ਤੋਂ ਹੋਣ ਵਾਲੇ ਉਤਸਰਜਨ ਅਤੇ ਹਰਿਆ ਭਰਿਆ ਖੇਤਰ ਵਧਾਉਣ ਦੇ ਕਾਰਜਾਂ ਨੂੰ ਤੇਜ਼ ਕੀਤਾ ਜਾ ਰਿਹਾ ਹੈ। ਮੁੱਖ ਸਕੱਤਰ ਸ੍ਰੀ ਅਨੁਰਾਗ ਰਸਤੋਗੀ ਨੇ ਅੱਜ ਇੱਥੇ ਯਮੁਨਾ ਐਕਸ਼ਨ ਪਲਾਨ ਤਹਿਤ ਅਤੇ ਦਿੱਲੀ ਤੇ ਰਾਸ਼ਟਰੀ ਰਾਜਧਾਨੀ ਖੇਤਰ ਵਿੱਚ ਹਵਾ ਦੀ ਗੁਣਵੱਤਾ ਵਿੱਚ ਸੁਧਾਰ ਨਾਲ ਸਬੰਧਤ ਕਾਰਜ-ਯੋਜਨਾਵਾਂ ਦੀ ਸਮੀਖਿਆ ਕੀਤੀ ਅਤੇ ਵੱਖ-ਵੱਖ ਵਿਭਾਗਾਂ ਨੂੰ ਨਿਰਧਾਰਤ ਕਾਰਜਾਂ ਵਿੱਚ ਤੇਜ਼ੀ ਲਿਆਉਣ ਦੇ ਨਿਰਦੇਸ਼ ਦਿੱਤੇ।

ਯਮੁਨਾ ਐਕਸ਼ਨ ਪਲਾਨ ਦੀ ਸਮੀਖਿਆ ਦੌਰਾਨ ਯਮੁਨਾ ਬੇਸਿਨ ਵਿੱਚ ਸੀਵਰੇਜ ਟ੍ਰੀਟਮੈਂਟ ਪਲਾਂਟ, ਕਾਮਨ ਐਫਲੂਐਂਟ ਟ੍ਰੀਟਮੈਂਟ ਪਲਾਂਟ, ਪਿੰਡ ਪੱਧਰ 'ਤੇ ਵੇਸਟ ਪਾਣੀ ਦੇ ਪ੍ਰਬੰਧਨ ਅਤੇ ਬਾਇਓਗੈਸ ਪ੍ਰੋਜੈਕਟਾਂ ਦੀ ਜ਼ਿਲ੍ਹਾ-ਵਾਰ ਪ੍ਰਗਤੀ ਦੀ ਸਮੀਖਿਆ ਕੀਤੀ ਗਈ। ਅੰਬਾਲਾ, ਫਰੀਦਾਬਾਦ, ਰੋਹਤਕ, ਗੁਰੂਗ੍ਰਾਮ ਅਤੇ ਕਰਨਾਲ ਦੇ ਮੰਡਲ ਕਮਿਸ਼ਨਰਾਂ ਨੇ ਆਪਣੇ-ਆਪਣੇ ਖੇਤਰਾਂ ਦੀ ਪ੍ਰਗਤੀ ਰਿਪੋਰਟ ਪੇਸ਼ ਕੀਤੀ।

ਹਰਿਆਣਾ ਰਾਜ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਮੈਂਬਰ ਸਕੱਤਰ ਸ੍ਰੀ ਯੋਗੇਸ਼ ਕੁਮਾਰ ਨੇ ਦੱਸਿਆ ਕਿ ਬਜਘੇੜਾ, ਖੇੜਵਾ (ਸੋਨੀਪਤ), ਰਾਦੌਰ ਰੋਡ (ਯਮੁਨਾਨਗਰ), ਦਦਲਾਨਾ (ਪਾਣੀਪਤ), ਬਾਦਸ਼ਾਹਪੁਰ (ਫਰੀਦਾਬਾਦ) ਅਤੇ ਸੋਢਾਪੁਰ (ਪਾਣੀਪਤ) ਵਿੱਚ ਕੁੱਲ 132 ਐਮ.ਐਲ.ਡੀ. ਸਮਰੱਥਾ ਦੇ ਛੇ ਐਸ.ਟੀ.ਪੀ. ਅਧੀਨ-ਉਸਾਰੀ ਹਨ। ਸਾਰੇ ਛੇ ਪ੍ਰੋਜੈਕਟਾਂ ਨੂੰ ਦਸੰਬਰ 2027 ਤੱਕ ਪੂਰਾ ਕਰਨ ਦਾ ਟੀਚਾ ਹੈ।

ਇਸ ਤੋਂ ਇਲਾਵਾ ਗੋਹਾਣਾ, ਸੁਨਾਰੀਆ (ਰੋਹਤਕ), ਲਾਈਨ ਪਾਰ (ਬਹਾਦਰਗੜ੍ਹ), ਹਸਨਪੁਰ (ਪਲਵਲ), ਧਨਵਾਪੁਰ ਅਤੇ ਬਹਾਰਮਪੁਰ (ਗੁਰੂਗ੍ਰਾਮ) ਵਿੱਚ ਕੁੱਲ 304 ਐਮ.ਐਲ.ਡੀ. ਸਮਰੱਥਾ ਦੇ ਛੇ ਐਸ.ਟੀ.ਪੀ. ਦੇ ਅਪਗ੍ਰੇਡੇਸ਼ਨ ਦਾ ਕਾਰਜ ਚੱਲ ਰਿਹਾ ਹੈ। ਕਈ ਹੋਰ ਐਸ.ਟੀ.ਪੀ. ਪ੍ਰੋਜੈਕਟ ਵੀ ਟੈਂਡਰ, ਤਕਨੀਕੀ ਮੁਲਾਂਕਣ ਅਤੇ ਅਮਲ ਦੇ ਵੱਖ-ਵੱਖ ਪੜਾਵਾਂ ਵਿੱਚ ਹਨ।

ਉਦਯੋਗਿਕ ਗੰਦੇ ਪਾਣੀ ਦੇ ਉਪਚਾਰ ਲਈ ਪ੍ਰਸਤਾਵਿਤ ਸੀ.ਈ.ਟੀ.ਪੀ. ਪ੍ਰੋਜੈਕਟਾਂ ਦੀ ਵੀ ਸਮੀਖਿਆ ਕੀਤੀ ਗਈ। ਫਰੀਦਾਬਾਦ ਦੇ ਪ੍ਰਤਾਪਗੜ੍ਹ ਵਿੱਚ ਪ੍ਰਸਤਾਵਿਤ 50 ਐਮ.ਐਲ.ਡੀ. ਸੀ.ਈ.ਟੀ.ਪੀ. ਲਈ 10 ਅਗਸਤ ਨੂੰ ਟੈਂਡਰ ਮੰਗੇ ਗਏ ਸਨ ਅਤੇ ਬੋਲੀ ਜਮ੍ਹਾਂ ਕਰਾਉਣ ਦੀ ਆਖ਼ਰੀ ਮਿਤੀ 14 ਸਤੰਬਰ ਹੈ। ਮਿਰਜ਼ਾਪੁਰ ਵਿੱਚ ਪ੍ਰਸਤਾਵਿਤ 25 ਐਮ.ਐਲ.ਡੀ. ਸੀ.ਈ.ਟੀ.ਪੀ. ਦੀ ਡੀ.ਪੀ.ਆਰ. ਅਤੇ ਅਨੁਮਾਨ ਦੀ ਜਾਂਚ ਕੀਤੀ ਜਾ ਰਹੀ ਹੈ, ਜਦਕਿ 15 ਐਮ.ਐਲ.ਡੀ. ਬਾਦਸ਼ਾਹਪੁਰ ਸੀ.ਈ.ਟੀ.ਪੀ. ਦਾ 200.17 ਕਰੋੜ ਰੁਪਏ ਦਾ ਅਨੁਮਾਨ ਤਿਆਰ ਕੀਤਾ ਜਾ ਚੁੱਕਾ ਹੈ।

ਪਾਣੀਪਤ ਵਿੱਚ ਸੈਣੀ ਕਲੋਨੀ ਦੇ ਨੇੜੇ ਪੁਰਾਣੇ ਉਦਯੋਗਿਕ ਖੇਤਰ ਵਿੱਚ ਡ੍ਰੇਨ ਨੰਬਰ-2 ਵਿੱਚ ਉਦਯੋਗਿਕ ਵੇਸਟ ਪਾਣੀ ਦੇ ਵਹਾਅ ਨੂੰ ਰੋਕਣ ਲਈ ਵੀ ਕਾਰਵਾਈ ਕੀਤੀ ਜਾ ਰਹੀ ਹੈ। ਹਰਿਆਣਾ ਰਾਜ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਖੇਤਰੀ ਦਫ਼ਤਰ ਨੇ 14 ਯੂਨਿਟਾਂ ਦਾ ਨਿਰੀਖਣ ਕੀਤਾ, ਜਿਨ੍ਹਾਂ ਵਿੱਚੋਂ ਚਾਰ ਡਿਫਾਲਟਰ ਯੂਨਿਟਾਂ ਵਿਰੁੱਧ ਕਾਰਵਾਈ ਕੀਤੀ ਗਈ ਹੈ। ਪਿੰਡ ਪੱਧਰ 'ਤੇ ਸੀਵਰੇਜ ਅਤੇ ਵੇਸਟ ਪਾਣੀ ਦੇ ਪ੍ਰਬੰਧਨ ਤਹਿਤ ਹੁਣ ਤੱਕ ਪੰਜ ਕਾਰਜ ਪੂਰੇ ਕੀਤੇ ਜਾ ਚੁੱਕੇ ਹਨ, ਜਦਕਿ ਸੱਤ ਕਾਰਜ ਪ੍ਰਗਤੀ ਅਧੀਨ ਹਨ। ਪਿਉਂਤ, ਚੰਦੌਲੀ, ਕਾਛਵਾ, ਨਿਗਦੂ ਅਤੇ ਮੰਡੋਲਾ ਵਿੱਚ ਕਾਰਜ ਪੂਰੇ ਹੋ ਚੁੱਕੇ ਹਨ। ਸੋਨੀਪਤ ਦੇ ਕਟਵਾਲ ਵਿੱਚ ਤਿੰਨ-ਤਲਾਬ ਪ੍ਰਣਾਲੀ ਦਾ ਕੰਮ ਜਾਰੀ ਹੈ।

ਰਾਜ ਵਿੱਚ 650 ਟਨ ਪ੍ਰਤੀ ਦਿਨ ਦੀ ਸੰਯੁਕਤ ਸਮਰੱਥਾ ਵਾਲੇ ਤਿੰਨ ਨਵੇਂ ਜਾਂ ਪ੍ਰਸਤਾਵਿਤ ਬਾਇਓਗੈਸ ਪ੍ਰੋਜੈਕਟਾਂ ਉੱਤੇ ਵੀ ਕੰਮ ਕੀਤਾ ਜਾ ਰਿਹਾ ਹੈ। ਸੋਨੀਪਤ ਦੇ ਰਾਏ-ਜਾਖੌਲੀ ਵਿੱਚ 400 ਟੀ.ਪੀ.ਡੀ. ਸਮਰੱਥਾ ਦਾ ਪਲਾਂਟ ਅਧੀਨ-ਉਸਾਰੀ ਹੈ, ਜਦਕਿ ਫਰੀਦਾਬਾਦ ਦੇ ਮੋਹਨਾ-ਬੱਲਭਗੜ੍ਹ ਵਿੱਚ 100 ਟੀ.ਪੀ.ਡੀ. ਸਮਰੱਥਾ ਦੇ ਪ੍ਰੋਜੈਕਟ ਦਾ ਅਨੁਮਾਨ ਤਿਆਰ ਕਰਕੇ ਗ਼ੈਰ-ਅਨੁਸੂਚਿਤ ਮਦਾਂ ਦੀ ਪ੍ਰਵਾਨਗੀ ਲਈ ਭੇਜਿਆ ਗਿਆ ਹੈ।

ਦਿੱਲੀ ਅਤੇ ਐਨ.ਸੀ.ਆਰ. ਵਿੱਚ ਹਵਾ ਪ੍ਰਦੂਸ਼ਣ ਉੱਤੇ ਕੰਟਰੋਲ ਲਈ ਚਿੰਨ੍ਹਿਤ ਉਪਾਵਾਂ ਦੀ ਸਮੀਖਿਆ ਕਰਦਿਆਂ ਮੁੱਖ ਸਕੱਤਰ ਨੇ ਵਾਹਨਾਂ ਤੋਂ ਹੋਣ ਵਾਲੇ ਨਿਕਾਸ, ਧੂੜ ਅਤੇ ਕਚਰੇ ਤੋਂ ਹੋਣ ਵਾਲੇ ਪ੍ਰਦੂਸ਼ਣ, ਪਰਾਲੀ ਸਾੜਨ ਦੀ ਰੋਕਥਾਮ ਅਤੇ ਹਰਿਆ ਭਰਿਆ ਖੇਤਰ ਵਧਾਉਣ ਨਾਲ ਸਬੰਧਤ ਕਾਰਜਾਂ ਦੀ ਪ੍ਰਗਤੀ ਦੀ ਸਮੀਖਿਆ ਕੀਤੀ। ਪੁਰਾਣੇ ਟਰੱਕਾਂ ਅਤੇ ਬੱਸਾਂ ਨੂੰ ਬਦਲਣ ਵਿੱਚ ਸਹਾਇਤਾ ਦੇਣ ਲਈ ਪਰਿਵਰਤਨ ਯੋਜਨਾ ਦਾ ਪੋਰਟਲ ਹੁਣ ਸੰਚਾਲਿਤ ਹੋ ਚੁੱਕਾ ਹੈ। ਯੋਜਨਾ ਤਹਿਤ ਪਹਿਲੀ ਅਰਜ਼ੀ 22 ਜੁਲਾਈ, 2026 ਨੂੰ ਪ੍ਰਾਪਤ ਹੋਈ। ਮੀਟਿੰਗ ਵਿੱਚ ਯੋਗ ਟਰੱਕ ਅਤੇ ਬੱਸ ਮਾਲਕਾਂ ਨੂੰ ਯੋਜਨਾ ਲਈ ਰਜਿਸਟ੍ਰੇਸ਼ਨ ਅਤੇ ਭਾਈਵਾਲੀ ਲਈ ਸਰਗਰਮੀ ਨਾਲ ਉਤਸ਼ਾਹਿਤ ਕਰਨ ਦੇ ਨਿਰਦੇਸ਼ ਦਿੱਤੇ ਗਏ।

ਪਰਾਲੀ ਪ੍ਰਬੰਧਨ ਲਈ ਐਕਸ-ਸੀਟੂ ਅਤੇ ਇਨ-ਸੀਟੂ ਦੋਵਾਂ ਉਪਾਵਾਂ ਉੱਤੇ ਜ਼ੋਰ ਦਿੱਤਾ ਜਾ ਰਿਹਾ ਹੈ। ਕੰਪਰੈੱਸਡ ਬਾਇਓਗੈਸ ਤਕਨੀਕ ਵਿੱਚ ਹੋਈ ਪ੍ਰਗਤੀ ਨੂੰ ਦੇਖਦੇ ਹੋਏ ਛੋਟੇ ਪੱਧਰ ਦੇ ਬਾਇਓਮਾਸ ਪਲਾਂਟਾਂ ਨੂੰ ਹੱਲਾਸ਼ੇਰੀ ਦੇਣ ਉੱਤੇ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ। ਇਨ੍ਹਾਂ ਉਪਾਵਾਂ ਨੂੰ ਖੇਤੀਬਾੜੀ ਵਿਭਾਗ ਅਤੇ ਹਰਿਆਣਾ ਅਕਸ਼ੈ ਊਰਜਾ ਵਿਕਾਸ ਏਜੰਸੀ ਵੱਲੋਂ ਲਾਗੂ ਕੀਤਾ ਜਾਵੇਗਾ।

ਜੰਗਲਾਤ ਵਿਭਾਗ ਨੂੰ ਪੌਦੇ ਲਗਾਉਣ ਦੇ ਟੀਚਿਆਂ ਨੂੰ ਪੂਰਾ ਕਰਨ, ਰੁੱਖਾਂ ਹੇਠਲੇ ਰਕਬੇ ਨੂੰ ਵਧਾਉਣ ਅਤੇ ਛੋਟੇ ਹਰੇ ਖੇਤਰਾਂ ਦੇ ਵਿਕਾਸ ਨੂੰ ਹੱਲਾਸ਼ੇਰੀ ਦੇਣ ਨਾਲ ਜੁੜੇ ਕਾਰਜਾਂ ਵਿੱਚ ਤੇਜ਼ੀ ਲਿਆਉਣ ਦੇ ਨਿਰਦੇਸ਼ ਦਿੱਤੇ ਗਏ।

ਮੀਟਿੰਗ ਵਿੱਚ ਵਾਤਾਵਰਣ ਵਿਭਾਗ ਦੇ ਵਧੀਕ ਮੁੱਖ ਸਕੱਤਰ ਸ੍ਰੀ ਸੁਧੀਰ ਰਾਜਪਾਲ, ਲੋਕ ਨਿਰਮਾਣ (ਭਵਨ ਅਤੇ ਸੜਕ) ਦੇ ਵਧੀਕ ਮੁੱਖ ਸਕੱਤਰ ਸ੍ਰੀ ਏ.ਕੇ. ਸਿੰਘ, ਹਰਿਆਣਾ ਰਾਜ ਉਦਯੋਗਿਕ ਅਤੇ ਬੁਨਿਆਦੀ ਢਾਂਚਾ ਵਿਕਾਸ ਨਿਗਮ ਦੇ ਪ੍ਰਬੰਧ ਨਿਰਦੇਸ਼ਕ ਸ੍ਰੀ ਵਿਨੈ ਪ੍ਰਤਾਪ ਸਿੰਘ ਸਮੇਤ ਹੋਰ ਸੀਨੀਅਰ ਅਧਿਕਾਰੀ ਮੌਜੂਦ ਸਨ।

## ਹਲਕਾ ਡੇਰਾਬੱਸੀ 'ਚ ਇਸ ਵਾਰ ਬਾਜ਼ੀ ਮਾਰੇਗੀ ਭਾਜਪਾ : ਨਾਇਬ ਸਿੰਘ ਸੈਣੀ



**ਮੁਹਾਲੀ, 11 ਸਤੰਬਰ**
**-ਸ਼ਹੀਦ-ਏ-ਆਜ਼ਮ-ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨਾਲ ਹਲਕਾ ਡੇਰਾਬੱਸੀ ਦੇ ਸੀਨੀਅਰ ਭਾਜਪਾ ਆਗੂ ਗੁਰਦਰਸ਼ਨ ਸਿੰਘ ਸੈਣੀ ਵਲੋਂ ਉਨ੍ਹਾਂ ਦੇ ਨਿਵਾਸ ਸਥਾਨ 'ਤੇ ਇਕ ਵਿਸ਼ੇਸ਼ ਮੁਲਾਕਾਤ ਕੀਤੀ ਜਿਸ ਵਿਚ ਨਿਊਜਰਸੀ (ਅਮਰੀਕਾ) ਦੇ ਪ੍ਰਮੁੱਖ ਕਾਰੋਬਾਰੀ ਤੇ ਨਿਊਜਰਸੀ ਇੰਡੀਆ ਕਮਿਸ਼ਨ ਦੇ ਕਮਿਸ਼ਨਰ ਬਿਕਰਮ ਗਿੱਲ ਅਤੇ ਹਰਦੀਪ ਸਿੰਘ ਸੈਣੀ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਸਨ। ਇਸ ਮੀਟਿੰਗ ਦੌਰਾਨ ਹਲਕਾ ਡੇਰਾਬੱਸੀ ਵਿੱਚ ਭਾਜਪਾ ਦੀ ਸਥਿਤੀ ਅਤੇ ਸੂਬਾ ਪੰਜਾਬ ਤੇ ਭਾਰਤ ਵਿਚ ਵਿਦੇਸ਼ੀ ਨਿਵੇਸ਼ ਨੂੰ ਹੁਲਾਰਾ ਦੇਣ ਦੇ ਮੁੱਦਿਆਂ 'ਤੇ ਵਿਸਥਾਰ ਨਾਲ ਚਰਚਾ ਕੀਤੀ ਗਈ।

ਇਸ ਮੌਕੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਲੰਮੇ ਅਰਸੇ ਤੋਂ ਗੁਰਨਾਮ ਸਿੰਘ ਸੈਣੀ ਦਾ ਪਰਿਵਾਰ ਡੇਰਾਬੱਸੀ ਹਲਕੇ ਦੀ ਸੇਵਾ ਕਰਦਾ ਆ ਰਿਹਾ ਹੈ ਅਤੇ ਹੁਣ ਗੁਰਦਰਸ਼ਨ ਸਿੰਘ ਸੈਣੀ ਆਪਣੀ ਟੀਮ ਨਾਲ ਇਸ ਸੇਵਾ ਨੂੰ ਬਾਖ਼ੂਬੀ ਜਾਰੀ ਰੱਖ ਰਹੇ ਹਨ। ਉਨ੍ਹਾਂ ਡੇਰਾਬੱਸੀ ਵਾਸੀਆਂ ਨੂੰ ਭਰੋਸਾ ਰੱਖਣ ਲਈ ਆਖਦਿਆਂ ਦਾਅਵਾ ਕੀਤਾ ਕਿ ਆਉਣ ਵਾਲੀਆਂ ਚੋਣਾਂ ਵਿਚ ਇਸ ਹਲਕੇ ਤੋਂ ਭਾਜਪਾ ਸ਼ਾਨਦਾਰ ਜਿੱਤ ਦਰਜ ਕਰੇਗੀ। ਪੰਜਾਬ ਦੇ ਹਾਲਾਤਾਂ 'ਤੇ ਚਿੰਤਾ ਪ੍ਰਗਟ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਮੌਜੂਦਾ ਸਰਕਾਰ ਨੇ ਪਿਛਲੇ ਸਾਢੇ ਚਾਰ ਸਾਲਾਂ ਵਿਚ ਸੂਬੇ ਦੇ ਵਿਕਾਸ ਨੂੰ ਪੂਰੀ ਤਰ੍ਹਾਂ ਬਰੇਕਾਂ ਲਾ ਦਿੱਤੀਆਂ ਹਨ। ਪੰਜਾਬ ਵਿੱਚ ਕਾਨੂੰਨ ਵਿਵਸਥਾ ਡਗਮਗਾ ਚੁੱਕੀ ਹੈ ਅਤੇ ਆਰਥਿਕ ਹਾਲਤ ਵਿਗੜਨ ਕਾਰਨ ਇੱਥੋਂ ਦੇ ਨੌਜਵਾਨ ਅਤੇ ਬੱਚੇ ਪਰਿਵਾਰ ਛੱਡ ਕੇ ਵਿਦੇਸ਼ਾਂ ਵੱਲ ਪਰਵਾਸ ਕਰਨ ਲਈ ਮਜ਼ਬੂਰ ਹਨ। ਉਨ੍ਹਾਂ ਆਖਿਆ ਕਿ ਬੱਚਿਆਂ ਦਾ ਭਵਿੱਖ ਸੁਰੱਖਿਅਤ ਬਣਾਉਣ ਅਤੇ ਪੰਜਾਬ ਨੂੰ ਮੁੜ 'ਸੋਨੇ ਦੀ ਚਿੜੀ' ਬਣਾਉਣ ਲਈ 2027 ਵਿੱਚ ਸੂਬੇ ਦੀ ਅਗਵਾਈ ਭਾਜਪਾ ਨੂੰ ਸੌਂਪਣ ਦੀ ਲੋੜ ਹੈ।

ਮੀਟਿੰਗ ਦੌਰਾਨ ਅਮਰੀਕਾ ਦੇ ਨਿਊਯਾਰਕ ਅਤੇ ਨਿਊਜਰਸੀ ਖੇਤਰ ਵਿਚ ਤੇਲ ਰੀਟੇਲਿੰਗ ਦੀ ਪ੍ਰਮੁੱਖ ਕੰਪਨੀ 'ਗਿੱਲ ਐਨਰਜੀ' ਦੇ ਮੁਖੀ ਬਿਕਰਮ ਸਿੰਘ ਗਿੱਲ ਨੇ ਭਾਰਤ ਵਿਚ ਨਿਵੇਸ਼ ਨੂੰ ਲੈ ਕੇ ਆਪਣੇ ਵਿਚਾਰ ਸਾਂਝੇ ਕੀਤੇ। ਉਨ੍ਹਾਂ ਦੱਸਿਆ ਕਿ ਨਿਊਜਰਸੀ ਇੰਡੀਆ ਕਮਿਸ਼ਨ ਦੇ ਕਮਿਸ਼ਨਰ ਵਜੋਂ ਉਨ੍ਹਾਂ ਦਾ ਕੰਮ ਅਮਰੀਕਾ ਤੋਂ ਕਾਰੋਬਾਰ ਲਈ ਭਾਰਤ 'ਚ ਨਿਵੇਸ਼ ਕਰਨਾ ਹੈ। ਗਿੱਲ ਨੇ ਕਿਹਾ ਕਿ ਅਮਰੀਕੀ ਵਫ਼ਦ ਪੰਜਾਬ ਵਿਚ ਸੁਖਾਵਾਂ ਮਾਹੌਲ ਅਤੇ ਆਕਰਸ਼ਿਤ ਵਾਤਾਵਰਨ ਨਾ ਹੋਣ ਕਾਰਨ ਇੱਥੇ ਨਿਵੇਸ਼ ਕਰਨਾ ਹੀ ਨਹੀਂ ਚਾਹੁੰਦਾ। ਇਸ ਦੇ ਬਦਲ ਵਜੋਂ ਇੱਥੇ ਢੁਕਵਾਂ ਮਾਹੌਲ ਨਾ ਮਿਲਣ ਕਾਰਨ ਗੁਜਰਾਤ, ਬੰਗਲੌਰ, ਮੱਧ ਪ੍ਰਦੇਸ਼, ਮਹਾਰਾਸ਼ਟਰ, ਕਰਨਾਟਕ ਵਰਗੇ ਸੂਬਿਆਂ ਦਾ ਰੁੱਖ ਕਰਨਾ ਪਿਆ।

ਉਨ੍ਹਾਂ ਦੱਸਿਆ ਕਿ ਫ਼ਰਮਾਸਿਟੀਕਲਜ਼, ਏ. ਆਈ. ਤਕਨੀਕ, ਵੇਅਰਹਾਊਸਿੰਗ, ਫ਼ੂਡ ਪ੍ਰੋਸੈਸਿੰਗ, ਮੈਡੀਕਲ ਉਪਕਰਣ ਨਿਰਮਾਣ ਸਮੇਤ ਹੋਰ ਕਈ ਤਰ੍ਹਾਂ ਦੇ ਕਾਰੋਬਾਰਾਂ 'ਚ ਨਿਵੇਸ਼ ਰਾਹੀਂ ਇੱਥੇ ਦੇਸ਼ ਦੀ ਤਰੱਕੀ ਦੇ ਨਾਲ ਨਾਲ ਰੁਜ਼ਗਾਰ ਦੇ ਸਾਧਨ ਵੀ ਬਣਨਗੇ। ਉਨ੍ਹਾਂ ਆਖਿਆ ਕਿ ਪੰਜਾਬ ਸਰਕਾਰ ਦੀਆਂ ਨਾਕਾਮੀਆਂ ਕਾਰਨ ਨਿਵੇਸ਼ਕਾਂ ਵੱਲੋਂ ਮੂੰਹ ਮੋੜਨਾ ਸੂਬੇ ਲਈ ਚਿੰਤਾ ਦਾ ਵਿਸ਼ਾ ਹੈ। ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਗੁਰਦਰਸ਼ਨ ਸਿੰਘ ਸੈਣੀ ਅਤੇ ਬਿਕਰਮ ਸਿੰਘ ਗਿੱਲ ਦੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ। ਉਨ੍ਹਾਂ ਭਰੋਸਾ ਦਿਵਾਇਆ ਕਿ ਅਗਲੇ ਸਾਲ ਪੰਜਾਬ ਵਿੱਚ ਭਾਜਪਾ ਦੀ ਸਰਕਾਰ ਬਣਦਿਆਂ ਹੀ ਉਦਯੋਗਿਕ ਨਿਵੇਸ਼ ਲਈ ਲੋੜੀਂਦੀਆਂ ਸਾਰੀਆਂ ਪ੍ਰਵਾਨਗੀਆਂ ਮਹਿਜ਼ 10 ਦਿਨਾਂ ਦੇ ਅੰਦਰ ਮੁਹੱਈਆ ਕਰਵਾਈਆਂ ਜਾਣਗੀਆਂ ਤਾਂ ਜੋ ਸੂਬੇ ਵਿੱਚ ਵਪਾਰਕ ਰਾਹ ਪੱਧਰੇ ਕੀਤੇ ਜਾ ਸਕਣ।

## ਸੈਨਿਕਾਂ ਦਾ ਕਰਜ਼ ਕੋਈ ਰਾਸ਼ਟਰ ਨਹੀਂ ਚੁਕਾ ਸਕਦਾ, ਸਰਕਾਰ ਉਨ੍ਹਾਂ ਦੀ ਭਲਾਈ ਲਈ ਵਚਨਬੱਧ : ਰਾਓ ਨਰਬੀਰ ਸਿੰਘ

**ਪੰਚਕੂਲਾ, 11 ਸਤੰਬਰ**
**-ਜੀ. ਐਸ. ਤੁੰਗ-**
**-ਸ਼ਹੀਦ-ਏ-ਆਜ਼ਮ-ਬਿਊਰੋ-**

ਹਰਿਆਣਾ ਦੇ ਫੌਜੀ ਅਤੇ ਨੀਮ ਫੌਜੀ ਭਲਾਈ ਮੰਤਰੀ ਸ੍ਰੀ ਰਾਓ ਨਰਬੀਰ ਸਿੰਘ ਨੇ ਕਿਹਾ ਕਿ ਮਾਤਰਭੂਮੀ ਦੀ ਰੱਖਿਆ ਕਰਨ ਵਾਲੇ ਵੀਰ ਸੈਨਿਕਾਂ ਦਾ ਕਰਜ਼ ਕੋਈ ਵੀ ਸਮਾਜ ਜਾਂ ਰਾਸ਼ਟਰ ਕਦੇ ਨਹੀਂ ਚੁਕਾ ਸਕਦਾ। ਸਰਕਾਰ ਸਿਰਫ਼ ਉਨ੍ਹਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਭਲਾਈ ਅਤੇ ਹਿੱਤਾਂ ਦੀ ਰੱਖਿਆ ਲਈ ਨਿਰੰਤਰ ਯਤਨ ਕਰ ਸਕਦੀ ਹੈ। ਉਨ੍ਹਾਂ ਕਿਹਾ ਕਿ ਹਰਿਆਣਾ ਦੇ ਨੌਜਵਾਨਾਂ ਵਿੱਚ ਭਾਰਤੀ ਸੈਨਾਵਾਂ ਵਿੱਚ ਸ਼ਾਮਲ ਹੋਣ ਦਾ ਗਜ਼ਬ ਦਾ ਜਜ਼ਬਾ ਹੈ, ਚਾਹੇ ਉਹ ਹੋਰ ਰੈਂਕ ਹੋਵੇ ਜਾਂ ਅਧਿਕਾਰੀ ਪੱਧਰ। ਸ੍ਰੀ ਰਾਓ ਨਰਬੀਰ ਸਿੰਘ ਨੇ ਦੱਸਿਆ ਕਿ ਹਾਲ ਹੀ ਵਿੱਚ ਪੰਚਕੂਲਾ ਵਿੱਚ ਰਾਸ਼ਟਰੀ ਭਾਰਤੀ ਸੈਨਾ ਕਾਲਜ (ਆਰ.ਆਈ.ਐਮ.ਸੀ.), ਦੇਹਰਾਦੂਨ ਲਈ ਭਰਤੀ ਪ੍ਰਕਿਰਿਆ ਸਫਲਤਾਪੂਰਵਕ ਆਯੋਜਿਤ ਕੀਤੀ ਗਈ। ਇਹ ਪ੍ਰੀਖਿਆ ਜਨਵਰੀ 2027 ਵਿੱਚ ਸ਼ੁਰੂ ਹੋਣ ਵਾਲੇ ਸੈਸ਼ਨ ਲਈ ਆਯੋਜਿਤ ਕੀਤੀ ਗਈ ਸੀ।

ਉਨ੍ਹਾਂ ਕਿਹਾ ਕਿ ਰਾਸ਼ਟਰੀ ਭਾਰਤੀ ਸੈਨਿਕ ਕਾਲਜ ਦੀ ਸਥਾਪਨਾ ਸਾਲ 1922 ਵਿੱਚ ਆਜ਼ਾਦੀ ਤੋਂ ਪਹਿਲਾਂ ਹੋਈ ਸੀ। ਸਥਾਪਨਾ ਤੋਂ ਬਾਅਦ ਹੀ ਇਹ ਸੰਸਥਾ ਸੈਨਿਕ ਲੀਡਰਸ਼ਿਪ ਦੀ ਨਰਸਰੀ ਵਜੋਂ ਆਪਣੀ ਮਹੱਤਵਪੂਰਨ ਭੂਮਿਕਾ ਨਿਭਾ ਰਹੀ ਹੈ। ਇੱਥੋਂ ਸਿਖਲਾਈ ਪ੍ਰਾਪਤ ਕਰਨ ਵਾਲੇ ਵੱਡੀ ਗਿਣਤੀ ਵਿੱਚ ਵਿਦਿਆਰਥੀ ਅੱਗੇ ਚੱਲ ਕੇ ਰਾਸ਼ਟਰੀ ਰੱਖਿਆ ਅਕੈਡਮੀ (ਐਨ.ਡੀ.ਏ.), ਅਧਿਕਾਰੀ ਸਿਖਲਾਈ ਅਕੈਡਮੀ (ਓ.ਟੀ.ਏ.) ਅਤੇ ਭਾਰਤੀ ਸੈਨਿਕ ਅਕੈਡਮੀ (ਆਈ.ਐਮ.ਏ.) ਵਰਗੀਆਂ ਪ੍ਰਤਿਸ਼ਠਿਤ ਸੰਸਥਾਵਾਂ ਵਿੱਚ ਪਹੁੰਚੇ ਹਨ।

**ਸੈਨਿਕਾਂ ਦੀ ਭਲਾਈ ਲਈ ਬਜਟ ਵਿੱਚ 58.93 ਫੀਸਦੀ ਦਾ ਵਾਧਾ**

ਰਾਓ ਨਰਬੀਰ ਸਿੰਘ ਨੇ ਦੱਸਿਆ ਕਿ ਹਰਿਆਣਾ ਸਰਕਾਰ ਨੇ ਸਾਲ 2016 ਵਿੱਚ ਫੌਜੀ ਅਤੇ ਨੀਮ ਫੌਜੀ ਭਲਾਈ ਵਿਭਾਗ ਦਾ ਗਠਨ ਕੀਤਾ ਸੀ। ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਸਾਲ 2026-27 ਦੇ ਬਜਟ ਵਿੱਚ ਸੈਨਿਕਾਂ ਦੇ ਮੁੜ ਵਸੇਬੇ ਅਤੇ ਰੋਜ਼ੀ-ਰੋਟੀ ਨੂੰ ਉਤਸ਼ਾਹਿਤ ਕਰਨ ਲਈ ਹਰਿਆਣਾ ਫੌਜੀ ਅਤੇ ਨੀਮ ਫੌਜੀ ਭਲਾਈ ਨਿਗਮ ਸਥਾਪਤ ਕਰਨ ਦਾ ਐਲਾਨ ਕੀਤਾ ਹੈ। ਇਸ ਦੀ ਪ੍ਰਕਿਰਿਆ ਮੌਜੂਦਾ ਵਿੱਚ ਪ੍ਰਗਤੀ ਵਿੱਚ ਹੈ।

ਉਨ੍ਹਾਂ ਦੱਸਿਆ ਕਿ ਫੌਜੀ ਅਤੇ ਨੀਮ ਫੌਜੀ ਭਲਾਈ ਵਿਭਾਗ ਦੇ ਬਜਟ ਵਿੱਚ 58.93 ਫੀਸਦੀ ਦਾ ਵਾਧਾ ਕਰਦੇ ਹੋਏ ਇਸ ਨੂੰ 178.14 ਕਰੋੜ ਰੁਪਏ ਕਰਨ ਦਾ ਪ੍ਰਸਤਾਵ ਰੱਖਿਆ ਗਿਆ ਹੈ। ਇਹ ਸਰਕਾਰ ਦੀ ਸੈਨਿਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਪ੍ਰਤੀ ਵਚਨਬੱਧਤਾ ਨੂੰ ਦਰਸਾਉਂਦਾ ਹੈ।

**423 ਸ਼ਹੀਦ ਸੈਨਿਕਾਂ ਦੇ ਆਸ਼ਰਿਤਾਂ ਨੂੰ ਦਿੱਤੀ ਸਰਕਾਰੀ ਨੌਕਰੀ**

ਮੰਤਰੀ ਨੇ ਦੱਸਿਆ ਕਿ ਮੌਜੂਦਾ ਸਰਕਾਰ ਦੇ ਕਾਰਜਕਾਲ ਵਿੱਚ ਹੁਣ ਤੱਕ ਸ਼ਹੀਦ ਸੈਨਿਕਾਂ ਦੇ 423 ਆਸ਼ਰਿਤਾਂ ਨੂੰ ਸਰਕਾਰੀ ਨੌਕਰੀ ਪ੍ਰਦਾਨ ਕੀਤੀ ਜਾ ਚੁੱਕੀ ਹੈ। ਇਸ ਦੇ ਨਾਲ ਹੀ ਹਥਿਆਰਬੰਦ ਪੁਲਿਸ ਬਲਾਂ ਅਤੇ ਅਗਨੀਵੀਰਾਂ ਨੂੰ ਦਿੱਤੀ ਜਾਣ ਵਾਲੀ ਇਕਮੁਸ਼ਤ ਬਹਾਦਰੀ ਪੁਰਸਕਾਰ ਰਕਮ ਵਿੱਚ ਵੀ ਵਾਧਾ ਕਰਨ ਦਾ ਫੈਸਲਾ ਲਿਆ ਗਿਆ ਹੈ।



ਉਨ੍ਹਾਂ ਕਿਹਾ ਕਿ ਹਰਿਆਣਾ ਦੇਸ਼ ਦਾ ਪਹਿਲਾ ਰਾਜ ਹੈ, ਜਿਸ ਨੇ ਅਗਨੀਵੀਰਾਂ ਦੇ ਮੁੜ ਵਸੇਬੇ ਲਈ ਸਰਕਾਰੀ ਨੌਕਰੀਆਂ ਵਿੱਚ ਸਾਬਕਾ ਸੈਨਿਕਾਂ ਦੀ ਤਰਜ਼ 'ਤੇ ਰਾਖਵਾਂਕਰਨ ਦੇਣ ਦਾ ਫੈਸਲਾ ਲਿਆ ਹੈ। ਇਸ ਸਬੰਧ ਵਿੱਚ ਹਰਿਆਣਾ ਮੰਤਰੀ ਮੰਡਲ ਵੱਲੋਂ ਨੀਤੀ ਨੂੰ ਮਨਜ਼ੂਰੀ ਵੀ ਪ੍ਰਦਾਨ ਕੀਤੀ ਜਾ ਚੁੱਕੀ ਹੈ। ਅਗਨੀਵੀਰਾਂ ਦਾ ਪਹਿਲਾ ਬੈਚ 31 ਜੁਲਾਈ 2026 ਨੂੰ 4 ਸਾਲ ਦੀ ਸੇਵਾ ਉਪਰੰਤ ਵਾਪਸ ਪਰਤਿਆ ਹੈ। ਹਰਿਆਣਾ ਸਰਕਾਰ ਨੇ ਅਗਨੀਵੀਰਾਂ ਨੂੰ ਹਰਿਆਣਾ ਪੁਲਿਸ ਵਿੱਚ ਐਸ.ਪੀ.ਆਈ.ਓ., ਫਾਰੈਸਟ ਗਾਰਡ, ਫਾਇਰਮੈਨ ਦੇ ਅਹੁਦੇ 'ਤੇ ਰਾਖਵਾਂਕਰਨ ਦਾ ਪ੍ਰਬੰਧ ਕੀਤਾ ਹੈ ਜੋ ਪੂਰਵ ਅਗਨੀਵੀਰ ਸਵੈ-ਰੋਜ਼ਗਾਰ ਲਈ ਉੱਦਮ ਲਗਾਉਣਾ ਚਾਹੁੰਦੇ ਹਨ, ਉਨ੍ਹਾਂ ਲਈ 5 ਲੱਖ ਰੁਪਏ ਤੱਕ ਦੇ ਵਿਆਜ ਮੁਕਤ ਕਰਜ਼ੇ ਦੀ ਵਿਵਸਥਾ ਕੀਤੀ ਗਈ ਹੈ।

ਰਾਓ ਨਰਬੀਰ ਸਿੰਘ ਨੇ ਕਿਹਾ ਕਿ ਹਰਿਆਣਾ ਸਦੈਵ ਵੀਰ ਸੈਨਿਕਾਂ ਦੀ ਧਰਤੀ ਰਿਹਾ ਹੈ। ਸੂਬੇ ਦੇ ਨੌਜਵਾਨ ਥਲ ਸੈਨਾ, ਜਲ ਸੈਨਾ ਅਤੇ ਹਵਾਈ ਸੈਨਾ ਦੇ ਨਾਲ-ਨਾਲ ਸੀਮਾ ਸੁਰੱਖਿਆ ਬਲ, ਕੇਂਦਰੀ ਰਿਜ਼ਰਵ ਪੁਲਿਸ ਬਲ, ਕੇਂਦਰੀ ਉਦਯੋਗਿਕ ਸੁਰੱਖਿਆ ਬਲ, ਭਾਰਤ-ਤਿੱਬਤ ਸੀਮਾ ਪੁਲਿਸ, ਹਥਿਆਰਬੰਦ ਸੀਮਾ ਬਲ ਅਤੇ ਅਸਾਮ ਰਾਈਫਲਜ਼ ਵਰਗੇ ਕੇਂਦਰੀ ਹਥਿਆਰਬੰਦ ਪੁਲਿਸ ਬਲਾਂ ਵਿੱਚ ਵੀ ਮਹੱਤਵਪੂਰਨ ਸੇਵਾਵਾਂ ਨਿਭਾ ਰਹੇ ਹਨ।

**ਸੇਵਾਮੁਕਤ ਕੇਂਦਰੀ ਹਥਿਆਰਬੰਦ ਪੁਲਿਸ ਬਲ ਕਰਮਚਾਰੀਆਂ ਦੀ ਹੋਵੇਗੀ ਰਜਿਸਟ੍ਰੇਸ਼ਨ**

ਮੰਤਰੀ ਨੇ ਦੱਸਿਆ ਕਿ ਰਾਜ ਸਰਕਾਰ ਨੇ ਹਰਿਆਣਾ ਦੇ ਸੇਵਾਮੁਕਤ ਕੇਂਦਰੀ ਹਥਿਆਰਬੰਦ ਪੁਲਿਸ ਬਲ ਕਰਮਚਾਰੀਆਂ ਦੀ ਰਜਿਸਟ੍ਰੇਸ਼ਨ ਫੌਜੀ ਅਤੇ ਨੀਮ ਫੌਜੀ ਭਲਾਈ ਵਿਭਾਗ ਦੀ ਵੈੱਬਸਾਈਟ 'ਤੇ ਕਰਵਾਉਣ ਦਾ ਫੈਸਲਾ ਲਿਆ ਹੈ।

ਉਨ੍ਹਾਂ ਸਾਰੇ ਜ਼ਿਲ੍ਹਾ ਫੌਜੀ ਅਤੇ ਨੀਮ ਫੌਜੀ ਭਲਾਈ ਦਫ਼ਤਰਾਂ, ਸਾਬਕਾ ਸੈਨਿਕ ਸੰਗਠਨਾਂ, ਕੇਂਦਰੀ ਹਥਿਆਰਬੰਦ ਪੁਲਿਸ ਬਲ ਸੰਗਠਨਾਂ, ਪੰਚਾਇਤੀ ਰਾਜ ਸੰਸਥਾਵਾਂ ਅਤੇ ਸਥਾਨਕ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਅਪੀਲ ਕੀਤੀ ਕਿ ਉਹ ਯੋਗ ਕਰਮਚਾਰੀਆਂ ਨੂੰ ਰਜਿਸਟ੍ਰੇਸ਼ਨ ਲਈ ਪ੍ਰੇਰਿਤ ਕਰਨ ਅਤੇ ਉਨ੍ਹਾਂ ਨੂੰ ਜ਼ਰੂਰੀ ਮਾਰਗਦਰਸ਼ਨ ਉਪਲਬਧ ਕਰਵਾਉਣ।

## ਭਾਰਤ-ਪਾਕਿਸਤਾਨ ਸਰਹੱਦ ਨੇੜਿਓਂ ਪਾਕਿਸਤਾਨੀ ਡਰੋਨ ਤੇ 1 ਕਿਲੋ ਹੈਰੋਇਨ ਬਰਾਮਦ

**ਅੰਮ੍ਰਿਤਸਰ, 11 ਸਤੰਬਰ**
**-ਸ਼ਹੀਦ-ਏ-ਆਜ਼ਮ-ਬਿਊਰੋ-**

ਭਾਰਤ-ਪਾਕਿਸਤਾਨ ਕੌਮਾਂਤਰੀ ਸਰਹੱਦ ਤੋਂ ਥੋੜ੍ਹੀ ਦੂਰ ਥਾਣਾ ਭਿੰਡੀ ਸੈਦਾਂ ਅਧੀਨ ਆਉਂਦੀ ਚੌਂਕੀ ਫਤਿਹਪੁਰ ਨੇੜਿਓਂ ਬੀ.ਐੱਸ.ਐੱਫ. ਵੱਲੋਂ ਇੱਕ ਪਾਕਿਸਤਾਨੀ ਡਰੋਨ ਅਤੇ ਕਰੀਬ 1 ਕਿਲੋ ਹੈਰੋਇਨ ਬਰਾਮਦ ਕੀਤੀ ਗਈ ਹੈ। ਬਰਾਮਦ ਕੀਤੀ ਹੈਰੋਇਨ ਦੋ ਪੈਕੇਟਾਂ ਵਿਚ ਸੀ, ਜਿਸ ਦਾ ਵਜ਼ਨ 1 ਕਿੱਲੋ 60 ਗ੍ਰਾਮ ਦੱਸਿਆ ਜਾ ਰਿਹਾ ਹੈ, ਬੀ.ਐੱਸ.ਐੱਫ. ਵੱਲੋਂ ਡਰੋਨ ਅਤੇ ਹੈਰੋਇਨ ਨੂੰ ਅਗਲੀ ਕਾਨੂੰਨੀ ਕਾਰਵਾਈ ਲਈ ਥਾਣਾ ਭਿੰਡੀ ਸੈਦਾਂ ਦੀ ਪੁਲਿਸ ਦੇ ਹਵਾਲੇ ਕਰ ਦਿੱਤਾ ਗਿਆ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਡੀ.ਐੱਸ.ਪੀ. ਰਾਜਾਸਾਂਸੀ ਜਗਬੀਰ ਸਿੰਘ ਔਲਖ ਨੇ ਦੱਸਿਆ ਕਿ ਬੀ.ਐੱਸ.ਐੱਫ. ਦੀ 45 ਬਟਾਲੀਅਨ ਵੱਲੋਂ ਥਾਣਾ ਭਿੰਡੀ ਸੈਦਾਂ ਦੀ ਪੁਲਿਸ ਨੂੰ ਡਰੋਨ ਅਤੇ ਹੈਰੋਇਨ ਸਮੇਤ ਲਿਖਤੀ ਪੱਤਰ ਸੌਂਪਿਆ ਗਿਆ ਸੀ। ਇਸ 'ਤੇ ਕਾਰਵਾਈ ਕਰਦਿਆਂ ਪੁਲਿਸ ਨੇ ਅਣਪਛਾਤੇ ਵਿਅਕਤੀ ਖ਼ਿਲਾਫ਼ ਮੁਕੱਦਮਾ ਦਰਜ ਕਰ ਲਿਆ ਹੈ ਅਤੇ ਅਗਲੀ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਡਰੋਨ ਰਾਹੀਂ ਹੈਰੋਇਨ ਕਿਸ ਮਕਸਦ ਨਾਲ ਭਾਰਤੀ ਖੇਤਰ ਵਿੱਚ ਪਹੁੰਚਾਈ ਗਈ ਸੀ ਤੇ ਇਹ ਹੈਰੋਇਨ ਇਥੋਂ ਕਿਸ ਨੇ ਪ੍ਰਾਪਤ ਕਰਨੀ ਸੀ।

## ਉਦਮੀਆਂ ਨੂੰ ਸਮਾਂਬੱਧ ਪ੍ਰੋਤਸਾਹਨ ਰਾਸ਼ੀ ਜਾਰੀ ਕਰਨ ਦੀ ਦਿਸ਼ਾ ਵੱਲ ਨਾਇਬ ਸਰਕਾਰ ਦਾ ਵੱਡਾ ਕਦਮ

### ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਉਦਯੋਗ ਅਤੇ ਵਣਜ ਵਿਭਾਗ ਦੀਆਂ ਵੱਖ-ਵੱਖ ਯੋਜਨਾਵਾਂ ਤਹਿਤ 670 ਲਾਭਪਾਤਰੀਆਂ ਨੂੰ ਜਾਰੀ ਕੀਤੇ 311.25 ਕਰੋੜ ਰੁਪਏ

**ਚੰਡੀਗੜ੍ਹ 11 ਸਤੰਬਰ**
**-ਛਤਰਪਾਲ ਸਿੰਘ-**
**-ਸ਼ਹੀਦ-ਏ-ਆਜ਼ਮ-ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਵੱਲੋਂ ਬਜਟ ਐਲਾਨ ਵਿੱਚ ਪ੍ਰੋਤਸਾਹਨਾਂ ਦੀ ਵੰਡ ਵਿੱਚ ਪਾਰਦਰਸ਼ਤਾ ਅਤੇ ਸਮਾਂਬੱਧਤਾ ਤਹਿਤ, ਐੱਮ.ਐੱਸ.ਐੱਮ.ਈ. ਡਾਇਰੈਕਟੋਰੇਟ ਅਤੇ ਉਦਯੋਗ ਤੇ ਵਣਜ ਡਾਇਰੈਕਟੋਰੇਟ ਦੀਆਂ ਵੱਖ-ਵੱਖ ਯੋਜਨਾਵਾਂ ਦੇ ਤਹਿਤ 670 ਲਾਭਪਾਤਰੀਆਂ ਨੂੰ ਕੁੱਲ 311 ਕਰੋੜ 25 ਲੱਖ ਰੁਪਏ ਦੀ ਪਹਿਲੀ ਪ੍ਰੋਤਸਾਹਨ ਰਾਸ਼ੀ ਈ-ਕੁਬੇਰ (ਕੋਸ਼ਾਗਾਰ) ਰਾਹੀਂ ਜਾਰੀ ਕੀਤੀ ਗਈ।

ਮੁੱਖ ਮੰਤਰੀ ਨੇ ਵੀਰਵਾਰ ਨੂੰ ਹਰਿਆਣਾ ਨਿਵਾਸ ਵਿਖੇ ਆਯੋਜਿਤ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਬਜਟ ਪੇਸ਼ ਕਰਦੇ ਸਮੇਂ ਇਹ ਐਲਾਨ ਕੀਤਾ ਗਿਆ ਸੀ ਕਿ ਇਨਵੈਸਟ ਹਰਿਆਣਾ ਪੋਰਟਲ 'ਤੇ ਅਰਜ਼ੀ ਜਮ੍ਹਾਂ ਕਰਾਉਣ ਅਤੇ ਜ਼ਰੂਰੀ ਜਾਂਚ ਪੂਰੀ ਹੋਣ ਤੋਂ ਬਾਅਦ ਯੋਗ ਪ੍ਰੋਤਸਾਹਨ ਰਾਸ਼ੀ ਦਾ 50 ਫੀਸਦੀ 7 ਕਾਰਜਕਾਰੀ ਦਿਨਾਂ ਦੇ ਅੰਦਰ ਅਗਾਊਂ ਰੂਪ ਵਿੱਚ ਜਾਰੀ ਕੀਤਾ ਜਾਵੇਗਾ। ਬਾਕੀ 50 ਫੀਸਦੀ ਯੋਗ ਪ੍ਰੋਤਸਾਹਨ ਰਾਸ਼ੀ ਅਰਜ਼ੀ ਦੀ ਵਿਸਤ੍ਰਿਤ ਜਾਂਚ ਪੂਰੀ ਹੋਣ ਤੋਂ ਬਾਅਦ 45 ਕੰਮ ਵਾਲੇ ਦਿਨਾਂ ਦੇ ਅੰਦਰ ਜਾਰੀ ਕੀਤੀ ਜਾਵੇਗੀ। ਇਸ ਵਚਨਬੱਧਤਾ ਨੂੰ ਦੁਹਰਾਉਂਦਿਆਂ ਸੂਬਾ ਸਰਕਾਰ ਪ੍ਰੋਤਸਾਹਨਾਂ ਦੀ ਸਮਾਂਬੱਧ ਵੰਡ, ਉਦਮੀਆਂ ਨੂੰ ਹਰ ਸੰਭਵ ਸਹਿਯੋਗ ਪ੍ਰਦਾਨ ਕਰਨ ਅਤੇ ਹਰਿਆਣਾ ਵਿੱਚ ਐੱਮ.ਐੱਸ.ਐੱਮ.ਈ. ਖੇਤਰ ਨੂੰ ਮਜ਼ਬੂਤ ਕਰਨ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦੀ ਵਚਨਬੱਧਤਾ ਮੁਤਾਬਕ ਪ੍ਰੋਤਸਾਹਨਾਂ ਦਾ ਸਮੇਂ ਸਿਰ ਜਾਰੀ ਹੋਣਾ ਉਦਯੋਗਾਂ ਲਈ ਬਹੁਤ ਮਹੱਤਵਪੂਰਨ ਹੈ।



ਹਰਿਆਣਾ ਦੀ ਅਰਥਵਿਵਸਥਾ ਨੂੰ ਮਜ਼ਬੂਤ ਕਰਨ, ਰੁਜ਼ਗਾਰ ਪੈਦਾ ਕਰਨ ਅਤੇ ਸੂਬੇ ਦੇ ਲੋਕਾਂ ਲਈ ਮੌਕੇ ਪੈਦਾ ਕਰਨ ਵਿੱਚ ਸੂਖਮ, ਲਘੂ ਅਤੇ ਮੱਧਮ ਉਦਯੋਗਾਂ (ਐੱਮ.ਐੱਸ.ਐੱਮ.ਈ.), ਮੇਗਾ ਅਤੇ ਵੱਡੇ ਉਦਯੋਗਾਂ ਦੀ ਅਹਿਮ ਭੂਮਿਕਾ ਹੈ। ਅੱਜ ਜਾਰੀ ਕੀਤੀ ਗਈ ਪ੍ਰੋਤਸਾਹਨ ਰਾਸ਼ੀ ਵਿੱਚ ਐੱਮ.ਐੱਸ.ਐੱਮ.ਈ. ਵਿਭਾਗ ਦੀ 'ਹਰਿਆਣਾ ਉਦਮ ਅਤੇ ਰੁਜ਼ਗਾਰ ਨੀਤੀ ਤਹਿਤ 539 ਲਾਭਪਾਤਰੀਆਂ ਨੂੰ 45.44 ਕਰੋੜ ਰੁਪਏ, ਲੌਜਿਸਟਿਕਸ, ਵੇਅਰਹਾਊਸਿੰਗ ਅਤੇ ਰਿਟੇਲ ਨੀਤੀ ਤਹਿਤ 4 ਲਾਭਪਾਤਰੀਆਂ ਨੂੰ 9.29 ਕਰੋੜ ਰੁਪਏ, ਜਦੋਂ ਕਿ ਉਦਯੋਗ ਡਾਇਰੈਕਟੋਰੇਟ ਦੀ ਹਰਿਆਣਾ ਉਦਮ ਤੇ ਰੁਜ਼ਗਾਰ ਨੀਤੀ ਦੇ ਤਹਿਤ 16 ਲਾਭਪਾਤਰੀਆਂ ਨੂੰ 144.16 ਕਰੋੜ ਰੁਪਏ ਦੀ ਰਾਸ਼ੀ ਸ਼ਾਮਲ ਹੈ।

ਇਸ ਤੋਂ ਇਲਾਵਾ, 'ਪਲੱਗ ਐਂਡ ਪਲੇਅ' ਯੋਜਨਾ ਤਹਿਤ 10 ਲਾਭਪਾਤਰੀਆਂ ਨੂੰ 24.53 ਕਰੋੜ ਰੁਪਏ ਦੀ ਰਾਸ਼ੀ ਜਾਰੀ ਕੀਤੀ ਗਈ। ਉੱਥੇ ਹੀ, ਆਤਮਨਿਰਭਰ ਟੈਕਸਟਾਈਲ ਨੀਤੀ ਤਹਿਤ 98 ਲਾਭਪਾਤਰੀਆਂ ਨੂੰ 65.18 ਕਰੋੜ ਰੁਪਏ, 'ਪ੍ਰੋਗਰਾਮ ਟੂ ਐਕਸਲਰੇਟ ਡਿਵੈਲਪਮੈਂਟ ਫਾਰ ਐੱਮ.ਐੱਸ.ਐੱਮ.ਈ. ਐਡਵਾਂਸਮੈਂਟ' ਤਹਿਤ 2 ਲਾਭਪਾਤਰੀਆਂ ਨੂੰ 20.54 ਕਰੋੜ ਰੁਪਏ ਅਤੇ ਐੱਮ.ਐੱਸ.ਈ. ਕਲੱਸਟਰ ਵਿਕਾਸ ਪ੍ਰੋਗਰਾਮ ਤਹਿਤ ਇੱਕ ਕਲੱਸਟਰ ਵਿਕਾਸ ਲਈ 2.11 ਕਰੋੜ ਰੁਪਏ ਦੀ ਰਾਸ਼ੀ ਪ੍ਰਦਾਨ ਕੀਤੀ ਗਈ ਹੈ।

ਉਦਯੋਗ ਮੰਤਰੀ ਰਾਓ ਨਰਬੀਰ ਸਿੰਘ ਨੇ ਕਿਹਾ ਕਿ ਹਰਿਆਣਾ ਸਰਕਾਰ ਸੂਬੇ ਭਰ ਦੇ ਉਦਯੋਗਾਂ ਲਈ ਵੱਖ-ਵੱਖ ਯੋਜਨਾਵਾਂ ਅਤੇ ਨੀਤੀਆਂ ਲਾਗੂ ਕਰ ਰਹੀ ਹੈ, ਜਿਸ ਵਿੱਚ ਪ੍ਰੋਤਸਾਹਨਾਂ ਦੀ ਸਮਾਂਬੱਧ ਵੰਡ, ਪਾਰਦਰਸ਼ੀ ਪ੍ਰਕਿਰਿਆ ਅਤੇ ਯੋਗ ਲਾਭਪਾਤਰੀਆਂ ਨੂੰ ਸਮੇਂ ਸਿਰ ਸਹਾਇਤਾ ਪ੍ਰਦਾਨ ਕਰਨ ਉੱਤੇ ਵਿਸ਼ੇਸ਼ ਜ਼ੋਰ ਦਿੱਤਾ ਜਾ ਰਿਹਾ ਹੈ। ਵਿਭਾਗ ਪੂਰੇ ਹਰਿਆਣਾ ਵਿੱਚ ਉੱਦਮੀਆਂ ਅਤੇ ਸੂਖਮ, ਲਘੂ ਅਤੇ ਮੱਧਮ ਉਦਯੋਗਾਂ (ਐੱਮ.ਐੱਸ.ਐੱਮ.ਈ.), ਮੇਗਾ ਅਤੇ ਵੱਡੇ ਉਦਯੋਗਾਂ ਨੂੰ ਸਹਿਯੋਗ ਪ੍ਰਦਾਨ ਕਰਨ ਅਤੇ ਵੱਖ-ਵੱਖ ਨੀਤੀਆਂ ਤਹਿਤ ਦਿੱਤੀ ਜਾਣ ਵਾਲੀ ਵਿੱਤੀ ਸਹਾਇਤਾ ਯੋਗ ਲਾਭਪਾਤਰੀਆਂ ਤੱਕ ਸਮੇਂ ਸਿਰ ਪਹੁੰਚਾਉਣ ਲਈ ਲਗਾਤਾਰ ਕੰਮ ਕਰ ਰਿਹਾ ਹੈ।





